ਅਧਿਆਇ 4

# ਪਰਮੇਸ਼ੁਰ ਦੁਆਰਾ ਮੂਸਾ ਦਾ ਬੁਲਾਇਆ ਜਾਣਾ (ਭਾਗ 2)

ਅਧਿਆਇ 4 ਵਿਚ ਮੂਸਾ ਦੀ ਬੁਲਾਹਟ ਦੀ ਕਹਾਣੀ ਜਾਰੀ ਹੈ। ਉਸ ਨੇ ਦੋ ਹੋਰ ਬਹਾਨੇ ਬਣਾਏ ਕਿ ਕਿਉਂ ਉਹ ਪਰਮੇਸ਼ੁਰ ਦੇ ਲੋਕਾਂ ਨੂੰ ਮਿਸਰ ਤੋਂ ਬਾਹਰ ਨਹੀਂ ਕੱਢ ਸਕਦਾ ਹੈ। ਉਸ ਦਾ ਪਹਿਲਾ ਬਹਾਨਾ ਸੀ ਕਿ ਇਸਰਾਏਲ ਦੇ ਲੋਕ ਉਸ ਦੇ ਉੱਤੇ ਵਿਸ਼ਵਾਸ ਨਹੀਂ ਕਰਨਗੇ। ਇਸ ਇਤਰਾਜ਼ ਦੇ ਉੱਤਰ ਵਿਚ, ਪਰਮੇਸ਼ੁਰ ਨੇ ਮੂਸਾ ਨੂੰ ਤਿੰਨ ਨਿਸ਼ਾਨ ਦਿੱਤੇ ਜੋ ਉਹ ਵਿਖਾ ਸਕਦਾ ਸੀ: (1) ਉਸ ਦਾ ਢਾਂਗਾ ਇੱਕ ਸੱਪ ਬਣ ਜਾਵੇਗਾ (4:1-5); (2) ਉਸ ਦਾ ਹੱਥ ਕੋੜ੍ਹੀ ਹੋ ਜਾਵੇਗਾ (4:6-8); ਅਤੇ (3) ਜਦੋਂ ਉਹ ਪਾਣੀ ਡੋਲ੍ਹੇਗਾ, ਤਾਂ ਇਹ ਲਹੂ ਬਣ ਜਾਵਾ (4:9)। ਮੂਸਾ ਦਾ ਦੂਸਰਾ ਬਹਾਨਾ ਸੀ ਕਿ ਉਹ ਬੋਲਣ ਵਿਚ ਮਾਹਿਰ ਨਹੀਂ ਸੀ, ਪਰ ਬੋਲਣ ਵਿਚ ਧੀਮਾ ਸੀ (4:10, 11)। ਪ੍ਰਭੂ ਨੇ ਇਹ ਕਹਿ ਕੇ ਉੱਤਰ ਦਿੱਤਾ ਕਿ ਬੋਲਣ ਦੇ ਸਮੇਂ ਉਹ ਉਸ ਦੇ ਨਾਲ ਹੋਵੇਗਾ (4:12)। ਆਖਿਰਕਾਰ, ਮੂਸਾ ਨੇ ਕਿਹਾ, “ਜਿਸ ਦੇ ਹੱਥ ਤੂੰ ਘੱਲਣਾ ਚਾਹੇਂ ਘੱਲ ਦੇਹ,” ਇਹ ਇੱਕ ਅਜਿਹਾ ਉੱਤਰ ਸੀ ਜਿਸ ਨੇ ਪਰਮੇਸ਼ੁਰ ਨੂੰ ਬਹੁਤ ਹੀ ਗੁੱਸਾ ਦਿਵਾਇਆ ਸੀ (4:13, 14)। ਫਿਰ ਪ੍ਰਭੂ ਨੇ ਹਾਰੂਨ ਨੂੰ ਉਸ ਦਾ ਬੁਲਾਰਾ ਬਣਾਇਆ (4:14-17)।

ਕਹਾਣੀ ਅੱਗੇ ਮੂਸਾ ਦੇ ਮਿਦਯਾਨ ਤੋਂ ਬਾਹਰ ਨਿਕਲਣ ਵੱਲ ਮੁੜਦੀ ਹੈ। ਮੂਸਾ ਨੇ ਆਪਣੇ ਸੌਹਰੇ, ਯਿਥਰੋ ਕੋਲੋਂ ਮਿਸਰ ਵਾਪਸ ਮੁੜ ਜਾਣ ਦੀ ਇਜਾਜ਼ਤ ਮੰਗੀ ਅਤੇ ਪ੍ਰਾਪਤ ਕੀਤੀ (4:18)। ਪ੍ਰਭੂ ਦੇ ਦੁਆਰਾ ਉਸ ਦੇ ਕੰਮ ਦੇ ਲਈ ਉਸ ਨੂੰ ਦੁਬਾਰਾ ਹੁਕਮ ਦਿੱਤੇ ਜਾਣ ਤੋਂ ਬਾਅਦ (4:19), ਮੂਸਾ ਆਪਣੀ ਪਤਨੀ ਅਤੇ ਦੋ ਪੁੱਤਰਾਂ ਨੂੰ ਲੈਕੇ, ਚਲਾ ਗਿਆ (4:20)। ਜਦੋਂ ਮੂਸਾ ਚਲਾ ਗਿਆ, ਪਰਮੇਸ਼ੁਰ ਨੇ ਦੁਬਾਰਾ ਮੂਸਾ ਨੂੰ ਇਸ ਵਿਸ਼ੇ ਵਿਚ ਹੋਰ ਜਾਣਕਾਰੀ ਦਿੱਤੀ ਕਿ ਇਸ ਤੋਂ ਬਾਅਦ ਕੀ ਹੋਵੇਗਾ (4:21-23)। ਫਿਰ, ਰਸਤੇ ਵਿਚ, ਪ੍ਰਭੂ ਨੇ ਉਸ ਨੂੰ ਮਾਰ ਦਿੱਤਾ ਹੁੰਦਾ, ਪਰ ਉਸ ਦੀ ਪਤਨੀ ਸਿੱਪੋਰਾਹ ਨੇ ਜਦੋਂ ਆਪਣੇ ਪੁੱਤਰ ਦੀ ਸੁੰਨਤ ਕਰ ਦਿੱਤੀ ਤਾਂ ਉਸ ਦਾ ਜੀਵਨ ਬਚ ਗਿਆ (4:24-26)।

ਅਧਿਆਇ ਮੂਸਾ ਦੇ ਮਿਸ਼ਨ ਦੀ ਸ਼ੁਰੂਆਤ ਦੇ ਨਾਲ ਬੰਦ ਹੁੰਦਾ ਹੈ। ਉਹ ਉਜਾੜ ਵਿਚ ਆਪਣੇ ਭਰਾ ਹਾਰੂਨ ਨੂੰ ਮਿਲਿਆ, ਅਤੇ ਦੋਵੇਂ ਮਿਸਰ ਵਿਚ ਇਸਰਾਏਲੀਆਂ ਦੇ ਕੋਲ ਚਲੇ ਗਏ। ਜਦੋਂ ਉਨ੍ਹਾਂ ਨੇ ਉਨ੍ਹਾਂ ਨਿਸ਼ਾਨਾਂ ਨੂੰ ਵੇਖਿਆ, ਤਾਂ ਉਨ੍ਹਾਂ ਨੇ ਉਸ ਦੇ ਕਹੇ ਤੇ ਵਿਸ਼ਵਾਸ ਕੀਤਾ। ਆਪਣੇ ਦੁਖ ਦੇ ਕਾਰਣ ਪ੍ਰਭੂ ਦੀ ਮਹਾਨ ਚਿੰਤਾ ਦੇ ਵਿਸ਼ੇ ਵਿਚ ਸੁਣਨ ਤੋਂ ਬਾਅਦ, ਉਨ੍ਹਾਂ ਨੇ ਉਸ ਦੀ ਬੰਦਗੀ ਕੀਤੀ (4:27-31)।

## ਮੂਸਾ ਦਾ ਤੀਜਾ ਜਵਾਬ: “ਉਹ ਮੇਰੀ ਪਰਤੀਤ ਨਾ ਕਰਨਗੇ” (4:1-9)

**[1]ਤਾਂ ਮੂਸਾ ਨੇ ਉੱਤ੍ਰ ਦਿੱਤਾ ਕਿ ਵੇਖ ਓਹ ਮੇਰੀ ਪਰਤੀਤ ਨਾ ਕਰਨਗੇ ਨਾ ਮੇਰੀ ਅਵਾਜ਼**

**ਸੁਣਨਗੇ ਸਗੋਂ ਓਹ ਆਖਣਗੇ ਯਹੋਵਾਹ ਨੇ ਤੈਨੂੰ ਦਰਸ਼ਣ ਨਹੀਂ ਦਿੱਤਾ। 2ਤਾਂ ਯਹੋਵਾਹ ਨੇ ਉਸ ਨੂੰ
ਆਖਿਆ, ਤੇਰੇ ਹੱਥ ਵਿੱਚ ਕੀ ਹੈ? ਉਸ ਆਖਿਆ, ਢਾਂਗਾ। ਤਾਂ ਉਸ ਨੇ ਆਖਿਆ, ਏਸ ਨੂੰ ਧਰਤੀ
ਉੱਤੇ ਸੁੱਟ ਦੇਹ। 3ਤਾਂ ਉਸ ਨੇ ਧਰਤੀ ਉੱਤੇ ਸੁੱਟ ਦਿੱਤਾ। ਉਹ ਸੱਪ ਬਣ ਗਿਆ ਅਤੇ ਮੂਸਾ ਉਸ ਦੇ
ਅੱਗੋਂ ਭੱਜਾ। 4ਯਹੋਵਾਹ ਨੇ ਮੂਸਾ ਨੂੰ ਆਖਿਆ, ਆਪਣਾ ਹੱਥ ਵਧਾ ਕੇ ਉਸ ਨੂੰ ਪੂਛੋਂ ਫੜ ਲੈ ਤਾਂ ਉਸ
ਨੇ ਆਪਣਾ ਹੱਥ ਵਧਾ ਕੇ ਉਸ ਨੂੰ ਫੜ ਲਿਆ ਅਤੇ ਉਹ ਦੇ ਹੱਥ ਵਿੱਚ ਢਾਂਗਾ ਬਣ ਗਿਆ। 5ਤਾਂ ਜੋ
ਓਹ ਪਰਤੀਤ ਕਰਨ ਭਈ ਯਹੋਵਾਹ ਉਨ੍ਹਾਂ ਦੇ ਪਿਉ ਦਾਦਿਆਂ ਦੇ ਪਰਮੇਸ਼ੁਰ, ਅਬਰਾਹਾਮ ਦੇ
ਪਰਮੇਸ਼ੁਰ, ਇਸਹਾਕ ਦੇ ਪਰਮੇਸ਼ੁਰ, ਅਰ ਯਾਕੂਬ ਦੇ ਪਰਮੇਸ਼ੁਰ ਨੇ ਤੈਨੂੰ ਦਰਸ਼ਣ ਦਿੱਤਾ।
6ਯਹੋਵਾਹ ਨੇ ਉਸ ਨੂੰ ਹੋਰ ਏਹ ਆਖਿਆ, ਹੁਣ ਤੂੰ ਆਪਣਾ ਹੱਥ ਆਪਣੀ ਹਿੱਕ ਉੱਤੇ ਰੱਖ ਤਾਂ ਉਸ
ਆਪਣਾ ਹੱਥ ਆਪਣੀ ਹਿੱਕ ਉੱਤੇ ਰੱਖਿਆ। ਜਾਂ ਉਸ ਨੇ ਉਹ ਕੱਢਿਆ ਤਾਂ ਵੇਖੋ ਉਹ ਦਾ ਹੱਥ ਕੋੜ੍ਹ
ਨਾਲ ਬਰਫ਼ ਵਰਗਾ ਹੋ ਗਿਆ ਸੀ। 7ਸੋ ਉਸ ਆਖਿਆ, ਤੂੰ ਫੇਰ ਆਪਣਾ ਹੱਥ ਆਪਣੀ ਹਿੱਕ ਉੱਤੇ
ਰੱਖ। ਉਸ ਨੇ ਆਪਣਾ ਹੱਥ ਆਪਣੀ ਹਿੱਕ ਉੱਤੇ ਫੇਰ ਰੱਖਿਆ ਤਾਂ ਜਦ ਬਾਹਰ ਕੱਢਿਆ ਵੇਖੋ ਉਹ
ਉਸ ਦੇ ਬਾਕੀ ਸਰੀਰ ਵਰਗਾ ਹੋ ਗਿਆ। 8ਫੇਰ ਐਉਂ ਹੋਵੇਗਾ ਭਈ ਜੋ ਓਹ ਤੇਰੀ ਪਰਤੀਤ ਨਾ
ਕਰਨ ਨਾ ਹੀ ਪਹਿਲੇ ਨਿਸ਼ਾਨ ਦਾ ਮਤਲਬ ਮੰਨਣ ਤਾਂ ਓਹ ਦੂਜੇ ਨਿਸ਼ਾਨ ਦੇ ਮਤਲਬ ਉੱਤੇ
ਪਰਤੀਤ ਕਰਨਗੇ। 9ਅਤੇ ਐਉਂ ਹੋਵੇਗਾ ਭਈ ਜੇ ਕਰ ਓਹ ਇਨ੍ਹਾਂ ਦੋਹਾਂ ਨਿਸ਼ਾਨਾਂ ਉੱਤੇ ਵੀ ਪਰਤੀਤ
ਨਾ ਕਰਨ ਨਾ ਤੇਰੀ ਅਵਾਜ਼ ਨੂੰ ਸੁਣਨ ਤਾਂ ਤੂੰ ਦਰਿਆ ਦਾ ਪਾਣੀ ਲੈਕੇ ਸੁੱਕੀ ਭੋਂ ਉੱਤੇ ਡੋਹਲੀਂ। ਉਹ
ਪਾਣੀ ਜਿਹੜਾ ਤੂੰ ਦਰਿਆ ਤੋਂ ਲਵੇਂਗਾ ਉਹ ਉਸ ਭੋਂ ਉੱਤੇ ਲਹੂ ਹੋ ਜਾਵੇਗਾ।**

**ਆਇਤ 1.** ਇਸ ਬਿੰਦੂ ਤੇ ਮੂਸਾ ਦਾ ਮਤਲਬ ਇਹ ਨਹੀਂ ਸੀ ਕਿ ਫ਼ਿਰਊਨ ਉਸ ਤੇ **ਪਰਤੀਤ** ਕਰੇ, ਪਰ ਇਹ ਸੀ ਕਿ ਇਸਰਾਏਲੀ ਉਸ ਉੱਤੇ ਵਿਸ਼ਵਾਸ ਕਰਨ! ਆਖਿਰਕਾਰ, ਉਸ ਨੇ ਇੱਕ ਕਲੰਕ ਦੇ ਨਾਲ ਮਿਸਰ ਨੂੰ ਛੱਡ ਦਿੱਤਾ ਅਤੇ ਸਪੱਸ਼ਟ ਤੌਰ ਤੇ ਚਾਲੀ ਸਾਲਾਂ ਤੱਕ ਵਾਪਸ ਨਹੀਂ ਆਇਆ ਸੀ। ਜੇਕਰ ਲੋਕ ਇਹ ਵਿਸ਼ਵਾਸ ਨਾ ਕਰਦੇ ਕਿ **ਯਹੋਵਾਹ**, "ਉਨ੍ਹਾਂ ਦੇ ਪਿਉ ਦਾਦਿਆਂ ਦੇ ਪਰਮੇਸ਼ੁਰ" (4:5) ਨੇ ਮੂਸਾ ਨੂੰ ਦਰਸ਼ਣ ਦਿੱਤੇ ਸਨ, ਤਾਂ ਉਹ ਉਸ ਦੀ ਨਾ **ਸੁਣਨਗੇ** ਜਾਂ ਉਸ ਉੱਤੇ ਨਿਹਚਾ ਨਹੀਂ ਕਰਨਗੇ ਭਾਵੇਂ ਫ਼ਿਰਊਨ ਉਨ੍ਹਾਂ ਨੂੰ ਜਾਣ ਦੀ ਇਜਾਜ਼ਤ ਵੀ ਦੇ ਦੇਵੇ। ਅਸਲ ਵਿਚ, ਉਜਾੜ ਵਿਚ ਆਪਣੇ ਪੂਰੇ ਸਮੇਂ ਦੌਰਾਨ, ਮੂਸਾ ਤੇ ਲੋਕਾਂ ਦਾ ਭਰੋਸਾ ਇੱਕ ਵੱਡਾ ਮੁੱਦਾ ਬਣਿਆ ਰਿਹਾ।

**ਆਇਤਾਂ 2, 3.** ਪਰਮੇਸ਼ੁਰ ਦੇ ਦੁਆਰਾ ਮੂਸਾ ਦੇ ਸਵਾਲ ਦਾ ਜਵਾਬ ਉਸ ਨੂੰ ਉਹ ਚੀਜ਼ ਪ੍ਰਦਾਨ ਕਰਨਾ ਸੀ ਜਿਸ ਦੇ ਦੁਆਰਾ ਇਸਰਾਏਲੀ ਉਸ ਦੇ ਉੱਤੇ ਵਿਸ਼ਵਾਸ ਕਰ ਸਕਣ: ਮੂਸਾ ਦਾ ਚਮਤਕਾਰ ਕਰ ਸਕਣਾ। ਉਸ ਸਮੇਂ ਤੋਂ ਬਾਅਦ, ਇੱਕ ਸੱਚੇ ਨਬੀ ਦੇ ਨਿਸ਼ਾਨਾਂ ਵਿਚੋਂ ਇੱਕ ਇਹ ਸੀ ਕਿ ਉਹ ਪ੍ਰਮਾਣਿਕ ਸੰਕੇਤਾਂ ਨੂੰ ਪੇਸ਼ ਕਰ ਸਕਦਾ ਸੀ। ਯਿਸੂ ਮੂਸਾ ਦੇ ਵਾਂਗ ਇੱਕ ਨਬੀ ਸੀ (ਬਿਵਸਥਾ ਸਾਰ 18:15-22; ਰਸੂਲਾਂ ਦੇ ਕਰਤੱਬ 3:22) ਇਸ ਕਾਰਣ ਉਸ ਨੇ ਨਿਸ਼ਾਨਾਂ ਨੂੰ ਪੇਸ਼ ਕੀਤਾ ਤਾਂ ਕਿ ਲੋਕ ਸੁਣ ਸਕਣ ਅਤੇ ਵਿਸ਼ਵਾਸ ਕਰਣ।

ਪਹਿਲੇ ਨਿਸ਼ਾਨ ਦੇ ਲਈ, ਪ੍ਰਭੂ ਨੇ ਮੂਸਾ ਨੂੰ ਹੁਕਮ ਦਿੱਤਾ ਕਿ ਆਪਣਾ **ਢਾਂਗਾ** (מַטֶּה, *ਮਟੇਹ)*, ਇੱਕ ਅਯਾਲੀ ਦੀ ਲਾਠੀ ਹੇਠਾਂ **ਸੁੱਟ ਦੇਹ**, ਮੂਸਾ ਮਿਦਯਾਨ ਵਿਚ ਆਪਣੇ ਸੌਹਰੇ ਦੀਆਂ ਭੇਡਾਂ ਦੀ ਰਾਖੀ ਕਰ ਰਿਹਾ ਸੀ (3:1), ਇਸ ਲਈ ਇਸ ਸਾਧਨ ਦਾ ਆਪਣੇ **ਹੱਥ** (יָד, *ਯਾਡ)* ਵਿਚ ਲੈ ਜਾਣਾ ਸੁਭਾਵਿਕ ਸੀ। ਇਸ ਅਧਿਆਇ ਵਿਚ "ਹੱਥ" ਸ਼ਬਦ ਨੂੰ ਅਕਸਰ ਦੁਹਰਾਇਆ ਜਾਂਦਾ ਹੈ ਤਾਂ ਕਿ ਉਸ ਉੱਤੇ ਜ਼ੋਰ ਦਿੱਤਾ ਜਾ ਸਕੇ। ਪਰਮੇਸ਼ੁਰ ਦਾ "ਸ਼ਕਤੀਸ਼ਾਲੀ ਹੱਥ" ਮੂਸਾ ਦੇ ਮਨੁੱਖੀ "ਹੱਥ" ਦੇ ਦੁਆਰਾ ਕੰਮ ਕਰੇਗਾ (3:19 ਤੇ ਟਿੱਪਣੀਆਂ ਵੇਖੋ)। ਜਦੋਂ ਮੂਸਾ ਨੇ ਆਪਣਾ ਢਾਂਗਾ ਹੇਠਾਂ ਸੁੱਟਿਆ, ਤਾਂ ਇਹ ਇੱਕ **ਸੱਪ ਬਣ ਗਿਆ**। ਕੁਦਰਤੀ ਤੌਰ ਤੇ, ਉਹ ਡਰ ਗਿਆ ਅਤੇ **ਉਸ ਦੇ ਅੱਗੋਂ ਭੱਜਾ**।

**ਆਇਤਾਂ 4, 5.** ਫਿਰ ਪ੍ਰਭੂ ਨੇ ਮੂਸਾ ਨੂੰ ਕਿਹਾ [ਸੱਪ] **ਨੂੰ ਪੂਛੋਂ ਫੜ ਲੈ।** ਪਰਮੇਸ਼ੁਰ ਦੀ ਸੁਰੱਖਿਆ ਵਿਚ ਮੂਸਾ ਦਾ ਵਿਸ਼ਵਾਸ ਸਪੱਸ਼ਟ ਹੈ ਕਿਉਂਕਿ ਅਜਿਹੇ ਕੰਮ ਦਾ ਸਿੱਟਾ ਕੱਟ ਲੈਣਾ ਹੋ ਸਕਦਾ ਸੀ। ਜਦੋਂ ਉਸ ਨੇ ਆਗਿਆਕਾਰੀ ਕੀਤੀ, ਤਾਂ ਸੱਪ **ਢਾਂਗਾ** ਬਣ ਗਿਆ। ਬਾਅਦ ਵਿਚ, ਮੂਸਾ ਨੇ ਇਸਰਾਏਲੀਆਂ ਦੇ ਸਾਹਮਣੇ ਇਹ ਨਿਸ਼ਾਨ ਵਿਖਾਇਆ ਅਤੇ ਇਸ ਦੇ ਕਾਰਣ ਉਨ੍ਹਾਂ ਨੇ **ਪਰਤੀਤ** ਕੀਤੀ (4:29-31)। ਉਹੀ ਨਿਸ਼ਾਨ ਫ਼ਿਰਊਨ ਦੇ ਸਾਹਮਣੇ ਵੀ ਪੇਸ਼ ਕੀਤਾ ਗਿਆ ਸੀ, ਪਰ ਉਸ ਨੇ ਨਾ ਸੁਣਿਆ (7:8-13)।

**ਆਇਤ 6.** ਦੂਸਰੇ ਨਿਸ਼ਾਨ ਵਿਚ ਮੂਸਾ ਦਾ **ਹੱਥ** ਵੀ ਸ਼ਾਮਲ ਸੀ, ਜਿਸ ਦੇ ਬਾਰੇ ਪਰਮੇਸ਼ੁਰ ਨੇ ਉਸ ਨੂੰ ਕਿਹਾ ਸੀ ਕਿ ਉਸ ਨੂੰ ਆਪਣੀ **ਹਿੱਕ** (חֵיק, *ਚੇਕ)* ਉੱਤੇ ਰੱਖ। **ਇਸ ਮਾਮਲੇ ਵਿਚ,** ਇਹ ਸ਼ਬਦ ਉਸ ਦੀ ਹਿਕ ਨੂੰ ਢੱਕਣ ਵਾਲੇ ਕੱਪੜੇ ਨੂੰ ਦਰਸਾਉਂਦਾ ਹੈ (ਵੇਖੋ ਜ਼ਬੂਰਾਂ ਦੀ ਪੋਥੀ 74:11; ਕਹਾਉਤਾਂ 6:27; 16:33)। ਜਦੋਂ ਮੂਸਾ ਨੇ ਆਪਣਾ ਹੱਥ ਬਾਹਰ ਕੱਢਿਆ, ਤਾਂ ਇਹ **ਕੋੜ੍ਹ ਨਾਲ ਬਰਫ਼ ਵਰਗਾ ਹੋ ਗਿਆ ਸੀ।** ਇਹ ਉਹੀ ਵਰਣਨ ਹੈ ਜੋ ਗਿਣਤੀ 12:10 ਵਿਚ ਦਿਖਾਈ ਦਿੰਦਾ ਹੈ ਜਿੱਥੇ ਪਰਮੇਸ਼ੁਰ ਦੇ ਦੁਆਰਾ ਮਿਰਯਮ ਦਾ ਨਿਆਉਂ ਕੀਤਾ ਗਿਆ ਸੀ। ਹਾਰੂਨ ਦੀ ਪ੍ਰਤਿਕਿਰਿਆ ਤੋਂ ਇਸ ਚਮੜੀ ਦੇ ਰੋਗ ਦੀ ਗੰਭੀਰਤਾ ਨੂੰ ਵੇਖਿਆ ਜਾ ਸਕਦਾ ਹੈ: "ਉਸ ਨੂੰ ਮੁਰਦੇ ਜਿਹਾ ਨਾ ਹੋਣ ਦੇਹ ਜਿਹ ਦਾ ਸਰੀਰ ਜਮਾਂਦਰੂ ਹੀ ਅੱਧਾ ਗਲਿਆ ਹੋਇਆ ਹੋਵੇ!" (ਗਿਣਤੀ 12:12)।

**ਆਇਤਾਂ 7, 8.** ਇਸ ਤੋਂ ਬਾਅਦ, ਪਰਮੇਸ਼ੁਰ ਨੇ ਇਸ ਪ੍ਰਤਿਕਿਰਿਆ ਨੂੰ ਦੁਹਰਾਉਣ ਦਾ ਹੁਕਮ ਦਿੱਤਾ। ਅਜਿਹਾ ਕਰਨ ਤੋਂ ਬਾਅਦ, **ਉਸ** [ਦਾ] ਹੱਥ ... ਉਸ ਦੇ ਬਾਕੀ ਦੇ ਸਰੀਰ ਵਰਗਾ ਹੋ ਗਿਆ। ਮੂਸਾ ਨੇ ਆਪਣੇ ਹੱਥ ਦੇ ਦੁਬਾਰਾ ਉਸੇ ਤਰ੍ਹਾਂ ਹੋਣ ਜਾਣ ਦੇ ਕਾਰਣ ਰਾਹਤ ਮਹਿਸੂਸ ਕੀਤੀ ਹੋਵੇਗੀ। ਫਿਰ ਪਰਮੇਸ਼ੁਰ ਨੇ ਸਮਝਾਇਆ ਕਿ ਜੇਕਰ ਇਸਰਾਏਲੀਆਂ ਨੇ **ਪਹਿਲੇ ਨਿਸ਼ਾਨ**, ਢਾਂਗੇ ਦੇ ਸੱਪ ਵਿਚ ਬਦਲ ਜਾਣ ਨੂੰ ਗ੍ਰਹਿਣ ਨਾ ਕੀਤਾ, ਤਾਂ ਉਹ **ਦੂਜੇ ਨਿਸ਼ਾਨ**, ਮੂਸਾ ਦੇ ਹੱਥ ਦੇ ਕੋੜ੍ਹੀ ਹੋ ਜਾਣ ਨੂੰ ਸਵੀਕਾਰ ਕਰਣਗੇ। ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਬਾਅਦ ਵਾਲਾ ਨਿਸ਼ਾਨ ਉਨ੍ਹਾਂ ਨਿਸ਼ਾਨਾਂ ਦੇ ਵਿਚ ਸੀ ਜੋ ਇਸਰਾਏਲੀਆਂ ਦੇ ਸਾਹਮਣੇ ਵਿਖਾਏ ਗਏ ਸਨ ਜਿਨ੍ਹਾਂ ਦਾ ਸਿੱਟਾ ਉਨ੍ਹਾਂ ਦਾ ਵਿਸ਼ਵਾਸ ਕਰਨਾ ਸੀ (4:29-31)।

**ਆਇਤ 9.** ਤੀਸਰੇ ਨਿਸ਼ਾਨ ਵਿਚ ਮੂਸਾ ਦੇ ਦੁਆਰਾ **ਦਰਿਆ ਦਾ ਪਾਣੀ** ਲੈਣਾ ਸ਼ਾਮਲ ਸੀ। ਇਸ ਮਹੱਤਵਪੂਰਣ ਦਰਿਆ ਦਾ ਇਸਤੇਮਾਲ ਮਿਸਰ ਦੀ ਖੇਤੀਬਾੜੀ ਦੀ ਸਿੰਚਾਈ ਦੇ ਲਈ ਵੀ ਕੀਤਾ ਜਾਂਦਾ ਸੀ, ਅਤੇ ਇਸ ਦਾ ਸਲਾਨਾ ਹੜ੍ਹ ਮਿੱਟੀ ਨੂੰ ਵੀ ਭਰਦਾ ਸੀ। ਇਸ ਤੋਂ ਇਲਾਵਾ, ਇਸ ਦਰਿਆ ਨੂੰ ਆਵਾਜਾਈ ਦੇ ਇੱਕ ਸੁਵਿਧਾਜਨਕ ਢੰਗ ਵਜੋਂ ਵਰਤਿਆ ਜਾਂਦਾ ਸੀ। ਇਨ੍ਹਾਂ ਸਾਰੇ ਲਾਭਾਂ ਦੇ ਕਾਰਣ, ਨੀਲ ਦਰਿਆ ਨੂੰ ਦੇਵਤਾ ਸਮਝਿਆ ਜਾਂਦਾ ਸੀ। ਜਦੋਂ ਮੂਸਾ ਨੇ **ਦਰਿਆ ਦਾ ਪਾਣੀ ਲੈਕੇ ਸੁੱਕੀ ਭੋਂ ਉੱਤੇ ਡੋ**[ਲਿਆ], ਤਾਂ ਇਹ **ਲਹੂ ਹੋ** ਗਿਆ।

ਪਰਮੇਸ਼ੁਰ ਨੇ ਮੂਸਾ ਨੂੰ ਤਿੰਨ ਨਿਸ਼ਾਨ ਦਿੱਤੇ ਤਾਂ ਕਿ ਉਹ ਆਪਣੇ ਲੋਕਾਂ ਨੂੰ ਉਤਸਾਹਿਤ ਕਰ ਸਕੇ ਕਿ ਉਹ ਮੂਸਾ ਨੂੰ ਉਸ ਦੇ ਬੁਲਾਰੇ ਵਜੋਂ ਸਵੀਕਾਰ ਕਰਨ। ਤਿੰਨੇ ਦੇ ਤਿੰਨੇ ਲੋਕਾਂ ਵਿਚ ਲੋੜੀਂਦਾ ਵਿਸ਼ਵਾਸ ਪੈਦਾ ਕਰਨ ਦੇ ਲਈ ਕਾਫ਼ੀ ਸ਼ਾਨਦਾਰ ਸਨ। ਇਸ ਤੋਂ ਇਲਾਵਾ, ਤਿੰਨਾਂ ਵਿਚੋਂ ਹਰੇਕ ਵਿਚ ਵਿਨਾਸਕਾਰੀ, ਨਕਾਰਾਤਮਕ ਸਿੱਟੇ ਸ਼ਾਮਲ ਸਨ: ਕਿਉਂਕਿ ਇੱਕ ਢਾਂਗੇ ਦਾ ਸੱਪ ਬਣ ਜਾਣਾ ਖਤਰਨਾਕ ਸੀ, ਇੱਕ ਆਦਮੀ ਦੇ ਹੱਥ ਦਾ ਕੋੜ੍ਹੀ ਹੋ ਜਾਣਾ ਭਿਆਨਕ ਸੀ, ਅਤੇ ਪਾਣੀ ਦਾ ਲਹੂ ਵਿਚ ਬਦਲ ਜਾਣਾ ਵਿਨਾਸਕਾਰੀ ਸੀ। ਪਰ, ਪਹਿਲੇ ਦੋ ਮਾਮਲਿਆਂ ਵਿਚ, ਸਥਿਤੀਆਂ ਉਲਟ ਸਨ। ਇਹ ਨਿਸ਼ਾਨ ਬਵਾਂ ਨੂੰ ਦਰਸਾਉਂਦੇ ਸਨ, ਪਰ ਤੀਸਰਾ ਨਿਸ਼ਾਨ ਸੱਚਮੁੱਚ ਪਹਿਲੀ ਬਵਾ ਬਣ ਗਿਆ (7:14-25)।

## ਮੂਸਾ ਦਾ ਚੌਥਾ ਜਵਾਬ: "ਮੇਰੀ ਬੋਲੀ ਢਿੱਲੀ ਹੈ" (4:10-12)

**[10]ਤਦ ਮੂਸਾ ਨੇ ਯਹੋਵਾਹ ਨੂੰ ਆਖਿਆ, ਹੇ ਪ੍ਰਭੂ ਮੈਂ ਧੜੱਲੇ ਦਾਰ ਗੱਲਾਂ ਕਰਨ ਵਾਲਾ ਮਨੁੱਖ**
**ਨਹੀਂ ਹਾਂ ਨਾ ਅੱਗੇ ਸਾਂ ਨਾ ਜਦ ਤੋਂ ਤੂੰ ਆਪਣੇ ਦਾਸ ਨਾਲ ਬੋਲਿਆ ਕਿਉਂ ਜੋ ਮੇਰੀ ਬੋਲੀ ਢਿੱਲੀ ਹੈ**
**ਅਤੇ ਮੇਰੀ ਜੀਭ ਮੋਟੀ ਹੈ। [11]ਤਾਂ ਯਹੋਵਾਹ ਨੇ ਉਸ ਨੂੰ ਆਖਿਆ, ਆਦਮੀ ਦਾ ਮੂੰਹ ਕਿਸ ਬਣਾਇਆ**
**ਅਤੇ ਕੌਣ ਗੂੰਗਾ ਯਾ ਬੋਲਾ ਯਾ ਸੁਜਾਖਾ ਯਾ ਅੰਨ੍ਹਾ ਬਣਾਉਂਦਾ ਹੈ? ਭਲਾ, ਮੈਂ ਯਹੋਵਾਹ ਹੀ ਨਹੀਂ?**
**[12]ਸੋ ਹੁਣ ਤੂੰ ਜਾਹ। ਮੈਂ ਤੇਰੇ ਮੂੰਹ ਦੇ ਨਾਲ ਹੋਵਾਂਗਾ ਅਤੇ ਜੋ ਕੁਝ ਤੈਂ ਬੋਲਣਾ ਹੈ ਸੋ ਮੈਂ ਤੈਨੂੰ**
**ਸਿਖਾਵਾਂਗਾ।**

**ਆਇਤ 10.** ਅਗਲਾ ਬਹਾਨਾ ਜੋ ਮੂਸਾ ਨੇ ਪੇਸ਼ ਕੀਤਾ ਸੀ ਕਿ ਉਹ ਇਹ ਸੀ ਕਿ ਉਹ **ਧੜੱਲੇ ਦਾਰ ਗੱਲਾਂ ਕਰਨ ਵਾਲਾ ਮਨੁੱਖ ਨਹੀਂ** ਹੈ, ਅਰਥਾਤ, "ਚੰਗਾ ਬੁਲਾਰਾ" (אִישׁ דְּבָרִים, *ਇਸ਼ ਦੇਬਰੀਮ)* ਨਹੀਂ ਹੈ। ਉਸ ਨੇ ਦਾਅਵਾ ਕੀਤਾ ਕਿ **ਮੇਰੀ ਬੋਲੀ ਢਿੱਲੀ ਹੈ ਅਤੇ ਮੇਰੀ ਜੀਭ ਮੋਟੀ ਹੈ** (כְבַד־פֶּה וּכְבַד לָשׁוֹן, *ਕੇਬੱਦ ਪੇ ਹੂਕੇਬੱਦ ਲਾਸ਼ੋਨ)*। ਇਸ ਵਾਕ ਦਾ ਹੋਰ ਸ਼ਾਬਦਿਕ ਅਨੁਵਾਦ "ਮੂੰਹ ਦਾ ਭਾਰਾ ਅਤੇ ਜੀਭ ਦਾ ਮੋਟਾ ਹੋਣਾ" ਕੀਤਾ ਜਾ ਸਕਦਾ ਹੈ। ਜਦੋਂ ਉਸ ਨੇ ਇਹ ਗੱਲਾਂ ਕਹੀਆਂ ਤਾਂ ਉਸ ਦਾ ਕੀ ਅਰਥ ਸੀ? ਸਰਨਾ ਨੇ ਤਿੰਨਾਂ ਸੰਭਾਵਨਾਵਾਂ ਦਾ ਸੁਝਾਅ ਦਿੱਤਾ ਹੈ: ਸ਼ਾਇਦ ਉਸ ਦੇ ਬੋਲਣ ਵਿਚ ਖਰਾਬੀ ਹੋ ਸਕਦੀ ਹੈ, ਉਸ ਨੇ ਮਿਸਰੀ ਭਾਸ਼ਾ ਵਿਚ ਆਪਣੀ ਰਵਾਨਗੀ ਗੁਆ ਲਈ ਹੋ ਸਕਦੀ ਹੈ, ਜਾਂ ਸ਼ਾਇਦ ਉਸ ਨੇ ਸੋਚਿਆ ਹੋਵੇ ਕਿ ਉਹ ਇੱਕ ਬੁਲਾਰੇ[1] ਦੇ ਰੂਪ ਵਿਚ ਅਯੋਗ ਸੀ। ਪਰ, ਸਰਨਾ ਨੇ ਕਿਹਾ ਕ ਮੂਸਾ ਦੀ ਬੋਲਣ ਵਿਚ ਕਮੀ ਬੇਤੁਕੀ ਸੀ ਕਿਉਂਕਿ ਸੰਦੇਸ਼ ਪਰਮੇਸ਼ੁਰ ਵੱਲੋਂ ਆਇਆ ਸੀ (ਵੇਖੋ ਯਿਰਮਿਯਾਹ 1:6-9)।

**ਆਇਤ 11.** ਪਰਮੇਸ਼ੁਰ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਉਹੀ ਹੈ ਜੋ ਮਨੁੱਖ ਨੂੰ **ਗੂੰਗਾ ਯਾ ਬੋਲਾ ਯਾ ਸੁਜਾਖਾ ਯਾ ਅੰਨ੍ਹਾ ਬਣਾਉਂਦਾ** ਹੈ। ਪਰ ਵਿਸ਼ਵਾਸੀ ਆਮ ਤੌਰ ਤੇ ਇਸ ਗੱਲ ਨਾਲ ਸਹਿਮਤ ਹੋਣ ਲਈ ਤਿਆਰ ਹੁੰਦੇ ਹਨ ਕਿ ਪਰਮੇਸ਼ੁਰ ਮਨੁੱਖ ਨੂੰ ਵੇਖਣ ਦੇ ਲਈ ਬਣਾਉਂਦਾ ਹੈ, ਉਹ ਇਸ ਗੱਲ ਦੀ ਪੁਸ਼ਟੀ ਨਹੀਂ ਕਰਨਾ ਚਾਹੁੰਦੇ ਹਨ ਕਿ ਪਰਮੇਸ਼ੁਰ ਮਨੁੱਖ ਨੂੰ "ਗੂੰਗਾ ਯਾ ਬੋਲਾ ... ਯਾ ਅੰਨ੍ਹਾ ਬਣਾਉਂਦਾ ਹੈ।" ਪਰ, ਪੁਰਾਣਾ ਨੇਮ ਇਕਸਾਰਤਾ ਦੇ ਨਾਲ ਸਿਖਾਉਂਦਾ ਹੈ ਕਿ ਸਭ ਕੁਝ ਜੋ ਹੁੰਦਾ ਹੈ ਉਹ ਪਰਮੇਸ਼ੁਰ ਦੇ ਕਾਰਣ ਜਾਂ ਪਰਮੇਸ਼ੁਰ ਦੀ ਇਜਾਜ਼ਤ ਦੇ ਨਾਲ ਹੁੰਦਾ ਹੈ (ਵੇਖੋ ਅੱਯੂਬ 1:21, 22; ਆਮੋਸ 4:6)।

**ਆਇਤ 12.** ਪ੍ਰਭੂ ਦੇ ਦੁਆਰਾ ਮੂਸਾ ਦੇ ਬਹਾਨਿਆਂ ਦਾ ਖੰਡਨ ਇਸ ਗੱਲ ਨੂੰ ਸਪੱਸ਼ਟ ਕਰਦਾ ਹੈ ਕਿ ਪਰਮੇਸ਼ੁਰ ਮੂਸਾ ਨੂੰ ਉਹ ਕਰਨ ਦੇ ਯੋਗ ਬਣਾਵੇਗਾ ਜੋ ਕਰਨ ਦੇ ਲਈ ਉਸ ਨੇ ਉਸ ਨੂੰ ਬੁਲਾਇਆ ਸੀ। ਰੱਬੀ ਸਹਾਇਤਾ ਦੇ ਸਿੱਟੇ ਵਜੋਂ, ਮੂਸਾ ਨੂੰ ਨਵੇਂ ਨੇਮ ਵਿਚ ਇੱਕ ਅਜਿਹੇ ਮਨੁੱਖ ਦੇ ਰੂਪ ਵਿਚ ਯਾਦ ਕੀਤਾ ਜਾਂਦਾ ਹੈ ਜੋ "ਜੋ ਆਪਣੇ ਬਚਨਾਂ ਵਿੱਚ ਸਮਰਥ ਸੀ" (ਰਸੂਲਾਂ 7:22; NIV)।

## ਮੂਸਾ ਦਾ ਪੰਜਵਾਂ ਜਵਾਬ: "ਕਿਸੇ ਹੋਰ ਨੂੰ ਘੱਲ ਦੇਹ" (4:13-17)

**[13]ਤਾਂ ਉਸ ਆਖਿਆ, ਹੇ ਪ੍ਰਭੂ ਜਿਸ ਦੇ ਹੱਥ ਤੂੰ ਘੱਲਣਾ ਚਾਹੇਂ ਘੱਲ ਦੇਹ। [14]ਫਿਰ ਯਹੋਵਾਹ**
**ਦਾ ਕਰੋਧ ਮੂਸਾ ਉੱਤੇ ਭੜਕਿਆ ਅਰ ਉਸ ਆਖਿਆ, ਕੀ ਹਾਰੂਨ ਲੇਵੀ ਤੇਰਾ ਭਰਾ ਨਹੀਂ? ਮੈਂ**
**ਜਾਣਦਾ ਹਾਂ ਕਿ ਉਹ ਚੰਗਾ ਬੋਲਣ ਵਾਲਾ ਹੈ। ਨਾਲੇ ਵੇਖ ਉਹ ਤੇਰੇ ਮਿਲਨ ਨੂੰ ਨਿੱਕਲਿਆ ਆਉਂਦਾ**
**ਹੈ ਅਤੇ ਤੈਨੂੰ ਵੇਖ ਕੇ ਆਪਣੇ ਮਨ ਵਿੱਚ ਅਨੰਦ ਹੋਵੇਗਾ। [15]ਤੂੰ ਉਸ ਦੇ ਨਾਲ ਬੋਲੇਂਗਾ ਅਤੇ ਉਸ ਦੇ**
**ਮੂੰਹ ਵਿੱਚ ਗੱਲਾਂ ਪਾਵੇਂਗਾ ਅਤੇ ਮੈਂ ਤੇਰੇ ਮੂੰਹ ਨਾਲ ਅਤੇ ਉਹ ਦੇ ਮੂੰਹ ਨਾਲ ਹੋਵਾਂਗਾ ਅਤੇ ਜੋ ਤੁਸਾਂ**

**ਕਰਨਾ ਹੈ ਮੈਂ ਤੁਹਾਨੂੰ ਸਿਖਾਵਾਂਗਾ। [16]ਉਹ ਤੇਰੀ ਵੱਲੋਂ ਪਰਜਾ ਨਾਲ ਬੋਲੇਗਾ ਅਤੇ ਐਉਂ ਹੋਵੇਗਾ ਕਿ ਉਹ ਤੇਰੇ ਲਈ ਮੂੰਹ ਜਿਹਾ ਹੋਵੇਗਾ ਅਰ ਤੂੰ ਉਸ ਲਈ ਪਰਮੇਸ਼ੁਰ ਜਿਹਾ ਹੋਵੇਂਗਾ। [17]ਤੂੰ ਏਹ ਢਾਂਗਾ ਆਪਣੇ ਹੱਥ ਵਿੱਚ ਲਈਂ ਜਿਹਦੇ ਨਾਲ ਤੂੰ ਉਨ੍ਹਾਂ ਨਿਸ਼ਾਨਾਂ ਨੂੰ ਵਿਖਾਵੇਂਗਾ।**

**ਆਇਤ 13.** ਮੂਸਾ ਨਿਰੰਤਰ ਪਰਮੇਸ਼ੁਰ ਦੇ ਹੁਕਮ ਨੂੰ ਨਾ ਮੰਨਣ ਦੀ ਆਪਣੀ ਇੱਛਾ ਵਿਚ ਬਣਿਆ ਰਿਹਾ। ਜਦੋਂ ਮੂਸਾ ਨੇ ਪਰਮੇਸ਼ੁਰ ਦੀ ਨਵੇਂ ਸਿਰਿਓਂ ਕੀਤੀ ਪੁਕਾਰ ਦਾ ਉੱਤਰ ਦਿੱਤਾ, ਤਾਂ ਉਸ ਨੇ "ਯਹੋਵਾਹ" ਨਾਮ ਦੀ ਬਜਾਇ ਇਬਰਾਨੀ ਸ਼ਬਦ אֲדֹנָי *(ਐਡੋਨਾਈ)* ਦਾ ਇਸਤੇਮਾਲ ਕਰਦੇ ਹੋਏ ਪਰਮੇਸ਼ੁਰ ਨੂੰ **ਪ੍ਰਭੂ** ਦੇ ਰੂਪ ਵਿਚ ਸੰਬੋਧਤ ਕੀਤਾ, ਜੋ ਪਰਮੇਸ਼ੁਰ ਨੇ ਕਿਹਾ ਸੀ ਕਿ ਉਹ ਤਰਜੀਹ ਦਿੰਦਾ ਹੈ।[2] ਉਸ ਨੇ ਇਹ ਸੁਝਾਅ ਦਿੰਦੇ ਹੋਏ, ਪਰਮੇਸ਼ੁਰ ਦੇ ਹੁਕਮ ਨੂੰ ਠੁਕਰਾ ਦਿੱਤਾ ਕਿ ਇਸ ਕੰਮ ਦੇ ਲਈ ਪਰਮੇਸ਼ੁਰ ਕਿਸੇ ਹੋਰ ਨੂੰ ਚੁਣ ਲਵੇ।

ਜਦੋਂ ਮੂਸਾ ਨੂੰ, ਜੋ ਇੱਕ ਆਮ ਆਦਮੀ ਸੀ, ਪਰਮੇਸ਼ੁਰ ਨੇ ਬੁਲਾਇਆ, ਜੋ ਕਿ ਅਨੰਤ ਰਚਨਹਾਰਾ ਹੈ, ਤਾਂ ਉਹ ਝਿਜਕਿਆ ਅਤੇ ਬਹਾਨੇ ਬਣਾ ਕੇ, ਹੁਕਮ ਨਾ ਮੰਨਣ ਦਾ ਕੋਈ ਰਾਹ ਲੱਭ ਰਿਹਾ ਸੀ। ਪਾਠਕ ਜੋ ਅਨੁਮਾਨ ਲਗਾ ਸਕਦਾ ਹੈ ਉਸ ਦੇ ਉਲਟ, ਪਰਮੇਸ਼ੁਰ ਮੂਸਾ ਦੇ ਨਾਲ ਬਹੁਤ ਹੀ ਧੀਰਜਵਾਨ ਸੀ, ਅਤੇ ਉਸ ਦੇ ਹਰ ਬਹਾਨੇ ਅਤੇ ਇਤਰਾਜ਼ ਦਾ ਹੱਲ ਬਹੁਤ ਹੀ ਤਸੱਲੀਬਖਸ਼ ਸ਼ਬਦਾਂ ਦੇ ਨਾਲ ਕਰ ਰਿਹਾ ਸੀ ਤਾਂ ਕਿ ਮੂਸਾ ਦੀਆਂ ਸਮੱਸਿਆਵਾਂ ਨੂੰ ਧਿਆਨ ਵਿਚ ਰੱਖਿਆ ਜਾ ਸਕੇ। ਮੂਸਾ ਦੇ ਬਹਾਨਿਆਂ ਤੋਂ ਇੱਕ "ਹਲਕੀ ਜਿਹੀ ਵਿਸ਼ਵਾਸ ਦੀ ਕਮੀ ਪਰਗਟ ਹੁੰਦੀ ਹੈ … [ਨਤੀਜੇ ਵਜੋਂ,] ਇਹ ਕਮਾਲ ਦੀ ਗੱਲ ਹੈ ਕਿ ਕਿੰਨੇ ਧੀਰਜ ਅਤੇ ਸਰਲਤਾ ਦੇ ਨਾਲ ਪਰਮੇਸ਼ੁਰ ਨੇ 3:1-4:17 ਤਕ ਉਸ ਦੇ ਸਵਾਲਾਂ ਅਤੇ ਇਤਰਾਜ਼ਾਂ ਦੇ ਉੱਤਰ ਦਿੱਤੇ।"[3]

**ਆਇਤ 14.** ਮੂਸਾ ਦੇ ਦੁਆਰਾ ਇਹ ਕਹਿਣ ਤੋਂ ਬਾਅਦ ਕਿ ਕਿਸੇ ਹੋਰ ਨੂੰ ਘੱਲ ਦੇਹ, **ਯਹੋਵਾਹ ਦਾ ਕਰੋਧ ਮੂਸਾ ਉੱਤੇ ਭੜਕਿਆ।** ਪਰਮੇਸ਼ੁਰ ਇੱਕ ਬਿੰਦੂ ਤੱਕ ਧੀਰਜ ਰੱਖਦਾ ਹੈ, ਪਰ ਉਹ ਗੁੱਸੇ ਹੋ ਸਕਦਾ ਹੈ ਅਤੇ ਹੁੰਦਾ ਹੈ। ਆਪਣੇ ਗੁੱਸੇ ਦੇ ਬਾਵਜੂਦ, ਪਰਮੇਸ਼ੁਰ ਨੇ ਉਸ ਦੇ ਭਰਾ **ਹਾਰੂਨ** ਨੂੰ ਉਸ ਦਾ ਬੁਲਾਰਾ ਬਣਾ ਕੇ ਉਸ ਦੇ ਬਹਾਨੇ ਦਾ ਉੱਤਰ ਦਿੱਤਾ। ਬਿਰਤਾਂਤ ਵਿਚ ਹਾਰੂਨ ਨੂੰ ਪਹਿਲੀ ਵਾਰ ਪੇਸ਼ ਕੀਤਾ ਗਿਆ ਹੈ; ਇਸ ਬਿੰਦੂ ਤਕ, ਪਾਠਕ ਨੂੰ ਸਿਰਫ ਮੂਸਾ ਦੇ ਮਾਤਾ-ਪਿਤਾ ਅਤੇ ਵੱਡੀ ਭੈਣ ਦੇ ਬਾਰੇ ਹੀ ਜਾਣਕਾਰੀ ਦਿੱਤੀ ਗਈ ਹੈ (2:1, 4)। ਹਾਰੂਨ ਨੂੰ **ਲੇਵੀ** ਦੇ ਰੂਪ ਵਿਚ ਦਰਸਾਇਆ ਗਿਆ ਹੈ, ਜੋ ਮਹਾਂ ਜਾਜਕ ਦੇ ਰੂਪ ਵਿਚ ਉਸ ਦੀ ਭਵਿੱਖ ਦੀ ਸੇਵਕਾਈ ਲਈ ਮੰਚ ਤਿਆਰ ਕਰਦਾ ਹੈ (2:1, 2 ਤੇ ਟਿੱਪਣੀਆਂ ਵੇਖੋ)। ਪਰਮੇਸ਼ੁਰ ਨੇ ਮੂਸਾ ਨੂੰ ਦੱਸਿਆ ਕਿ ਹਾਰੂਨ ਉਸ ਨੂੰ ਮਿਲਣ ਲਈ ਪਹਿਲਾਂ ਤੋਂ ਹੀ ਰਾਹ ਵਿਚ ਆ ਰਿਹਾ ਸੀ, ਅਤੇ ਇਹ ਕਿ ਉਸ ਦਾ ਭਰਾ ਉਸ ਨੂੰ ਵੇਖ ਕੇ **ਅਨੰਦ** ਹੋਵੇਗਾ।

**ਆਇਤਾਂ 15-17.** ਮੂਸਾ ਨੇ ਬਹਾਨੇ ਬਣਾਏ ਕਿ ਉਹ ਪਰਮੇਸ਼ੁਰ ਦੇ ਲੋਕਾਂ ਨੂੰ ਮਿਸਰ ਵਿਚੋਂ ਬਾਹਰ ਕਿਉਂ ਨਹੀਂ ਲੈ ਜਾ ਸਕਦਾ, ਪਰ ਪਰਮੇਸ਼ੁਰ ਨੇ ਭਰੋਸਾ ਦਿਵਾਇਆ ਕਿ ਉਹ ਉਸ ਦੇ ਅਤੇ ਹਾਰੂਨ ਦੇ **ਨਾਲ** ਹੋਵੇਗਾ। ਪਰਮੇਸ਼ੁਰ ਨੇ ਮੂਸਾ ਨੂੰ ਹੁਕਮ ਦਿੱਤਾ ਕਿ ਉਹ ਆਪਣੇ ਭਰਾ ਹਾਰੂਨ ਨਾਲ **ਬੋ**[ਲੇ] ਅਤੇ **ਉਸ ਦੇ ਮੂੰਹ ਵਿੱਚ ਗੱਲਾਂ ਪਾ**[ਵੇ]। ਇਹ ਮੂਸਾ ਦੀ ਜ਼ਿੰਮੇਵਾਰੀ ਸੀ ਕਿ ਉਹ ਆਪਣੇ ਭਰਾ ਨੂੰ ਉਹ ਸਾਰੀਆਂ ਗੱਲਾਂ ਦੱਸੇ ਜੋ ਪਰਮੇਸ਼ੁਰ ਨੇ ਉਸ ਨੂੰ ਕਹੀਆਂ ਸਨ। ਬਦਲੇ ਵਿਚ, ਹਾਰੂਨ [ਮੂਸਾ ਦੀ] **ਵੱਲੋਂ ਪਰਜਾ ਨਾਲ ਬੋਲੇਗਾ।** ਹੁਕਮ ਦੀ ਲੜੀ ਸਾਫ਼ ਸੀ: ਪਰਮੇਸ਼ੁਰ, ਮੂਸਾ, ਹਾਰੂਨ। ਆਖਿਰਕਾਰ, ਪਰਮੇਸ਼ੁਰ ਨੇ ਮੂਸਾ ਨੂੰ ਯਾਦ ਕਰਵਾਇਆ ਕਿ ਉਹ ਆਪਣੇ ਨਾਲ ਆਪਣਾ **ਢਾਂਗਾ** ਲੈ ਕੇ ਜਾਵੇ ਜਿਸ ਦੇ ਦੁਆਰਾ ਉਹ ਚਮਤਕਾਰੀ **ਨਿਸ਼ਾਨਾਂ** ਨੂੰ ਵਿਖਾਵੇਗਾ।

# ਮੂਸਾ ਦਾ ਪਰਮੇਸ਼ੁਰ ਦੀ ਬੁਲਾਹਟ ਨੂੰ ਸਵੀਕਾਰ ਕਰਨਾ ਅਤੇ ਉਸ ਦਾ ਮਿਸਰ ਨੂੰ ਜਾਣਾ (4:18-26)

## ਮੂਸਾ ਦੀ ਵਿਦਾਇਗੀ (4:18-20)

**[18]ਮੂਸਾ ਆਪਣੇ ਸੌਹਰੇ ਯਿਥਰੋ ਵੱਲ ਮੁੜ ਗਿਆ ਅਰ ਉਸ ਨੂੰ ਆਖਿਆ, ਦਯਾ ਕਰ ਕੇ ਮੈਨੂੰ**
**ਜਾਣ ਦਿਓ। ਮੈਨੂੰ ਮਿਸਰ ਵਿੱਚ ਆਪਣੇ ਭਰਾਵਾਂ ਕੋਲ ਮੁੜਨ ਦਿਓ ਤਾਂ ਜੋ ਮੈਂ ਵੇਖਾਂ ਭਈ ਓਹ ਅਜੇ**
**ਤੀਕ ਜੀਉਂਦੇ ਹਨ ਤਾਂ ਯਿਥਰੋ ਨੇ ਮੂਸਾ ਨੂੰ ਆਖਿਆ, ਸੁਖ ਸਾਂਦ ਨਾਲ ਜਾਹ। [19]ਤਾਂ ਯਹੋਵਾਹ ਨੇ**
**ਮਿਦਯਾਨ ਵਿੱਚ ਮੂਸਾ ਨੂੰ ਆਖਿਆ, ਜਾਹ ਅਰ ਮਿਸਰ ਨੂੰ ਮੁੜ ਕਿਉਂ ਜੋ ਤੇਰੀ ਜਾਨ ਦੇ ਲਾਗੂ ਮਰ**
**ਗਏ ਹਨ। [20]ਮੂਸਾ ਨੇ ਆਪਣੀ ਪਤਨੀ ਅਰ ਆਪਣੇ ਪੁੱਤ੍ਰਾਂ ਨੂੰ ਲੈਕੇ ਖੋਤੇ ਉੱਤੇ ਅਸਵਾਰ ਕੀਤਾ ਅਰ**
**ਉਹ ਮਿਸਰ ਦੇਸ ਨੂੰ ਮੁੜ ਪਿਆ ਅਤੇ ਮੂਸਾ ਪਰਮੇਸ਼ੁਰ ਦਾ ਢਾਂਗਾ ਆਪਣੇ ਹੱਥ ਵਿੱਚ ਲੈ ਗਿਆ।**

**ਆਇਤ 18. ਮੂਸਾ** ਉਸ ਪਹਾੜ ਤੋਂ ਜਿੱਥੇ ਉਸ ਦੀ ਮੁਲਾਕਾਤ ਪ੍ਰਭੂ ਦੇ ਨਾਲ ਹੋਈ ਸੀ ਵਾਪਸ ਚਲਾ ਗਿਆ ਅਤੇ **ਆਪਣੇ ਸੌਹਰੇ ਯਿਥਰੋ ਵੱਲ ਮੁੜ ਗਿਆ** ਤਾਂਕਿ ਆਪਣੇ ਸੌਹਰੇ ਤੋਂ ਉਸ ਸਥਾਨ ਨੂੰ ਛੱਡਣ ਦੀ ਇਜਾਜ਼ਤ ਲਵੇ ਜਿੱਥੇ ਉਹ ਲਗਭਗ ਚਾਲੀ ਸਾਲਾਂ ਤੋਂ ਰਹਿ ਰਿਹਾ ਸੀ। ਭਾਵੇਂ ਮੂਸਾ ਇੱਕ ਵੱਡਾ ਆਦਮੀ ਸੀ, ਕਾਫੀ ਉਮਰ ਦਾ, ਪਰ ਤਾਂ ਵੀ ਉਸ ਨੇ ਆਪਣੇ ਸੌਹਰੇ ਦੇ ਅਧਿਕਾਰ ਦੇ ਪ੍ਰਤਿ ਆਦਰ ਨੂੰ ਵਿਖਾਇਆ। ਉੱਤਰ ਵਿਚ, **ਯਿਥਰੋ** ਨੇ ਉਸ ਨੂੰ ਅਸੀਸ ਦਿੱਤੀ: **ਸੁਖ ਸਾਂਦ ਨਾਲ ਜਾਹ।**

**ਆਇਤ 19.** ਪਰਮੇਸ਼ੁਰ ਨੇ ਫਿਰ ਤੋਂ **ਮੂਸਾ** ਨਾਲ ਗੱਲ ਕਰਨਾ ਜ਼ਰੂਰੀ ਸਮਝਿਆ, ਉਸ ਨੂੰ ਉਸ ਮਿਸ਼ਨ ਨੂੰ ਪੂਰਾ ਕਰਨ ਦੇ ਲਈ ਨਿਯੁਕਤ ਕੀਤਾ ਜਿਸ ਨੂੰ ਪੂਰਾ ਕਰਨ ਦੇ ਲਈ ਅਸਲ ਵਿਚ ਉਸ ਨੇ ਉਸ ਨੂੰ ਬੁਲਾਇਆ ਸੀ। ਉਦਾਰਵਾਦੀ ਅਲੋਚਕ ਅਜਿਹੇ ਦੁਹਰਾਵਾਂ ਵਿਚ ਇੱਕ ਸੰਪਾਦਕ ਦੇ ਦੁਆਰਾ ਵੱਖ-ਵੱਖ ਸਰੋਤਾਂ ਦੇ ਇਸਤੇਮਾਲ ਨੂੰ ਵੇਖਦੇ ਹਨ। ਪਰ, ਇਨ੍ਹਾਂ ਸਪੱਸ਼ਟ ਦੁਹਰਾਏ ਗਏ ਹਵਾਲਿਆਂ ਨੂੰ ਘੱਟੋ ਘੱਟ ਤਿੰਨਾਂ ਤਰੀਕਿਆਂ ਦੇ ਨਾਲ ਸਮਝਾਇਆ ਜਾ ਸਕਦਾ ਹੈ:

(1) ਅੱਜ ਦੇ ਲੇਖਕਾਂ ਦੇ ਉਲਟ ਜੋ ਸ਼ਬਦਾਂ ਦੀ ਵਰਤੋਂ ਵਿਚ ਅਰਥਚਾਰੇ ਨੂੰ ਮਹੱਤਵ ਦਿੰਦੇ ਹਨ, ਪ੍ਰਾਚੀਨ ਲੇਖਕਾਂ ਨੇ, ਦੁਹਰਾਵ ਦਾ ਇਸਤੇਮਾਲ ਕਰਦੇ ਹੋਏ ਭਾਵ ਦੀ ਪੂਰਣਤਾ ਨੂੰ ਮਹੱਤਵ ਦਿੱਤਾ।

(2) ਦੁਹਰਾਉਣਾ ਇਸ ਲਈ ਜ਼ਰੂਰੀ ਹੋ ਸਕਦਾ ਹੈ। ਕਿਉਂਕਿ ਮਨੁੱਖ ਭੁੱਲ ਜਾਂਦੇ ਹਨ ਅਤੇ ਉਨ੍ਹਾਂ ਨੂੰ ਬਾਰ ਬਾਰ ਯਾਦ ਦਿਵਾਉਣ ਦੀ ਲੋੜ ਹੁੰਦੀ ਹੈ।

(3) ਦੁਹਰਾਉਣਾ ਸਿਰਫ ਦੁਹਰਾਉਣਾ ਹੀ ਨਹੀਂ ਹੁੰਦਾ ਹੈ, ਕਿਉਂਕਿ ਹਰ ਇੱਕ ਦੁਹਰਾਓ ਵਿਚ ਹੋਰ ਜਾਣਕਾਰੀ ਨੂੰ ਜੋੜਿਆ ਜਾਂਦਾ ਹੈ। ਉਦਾਹਰਣ ਦੇ ਲਈ, ਇਨ੍ਹਾਂ ਆਇਤਾਂ ਦੀ ਤੁਲਨਾ ਕਰੋ:

3:10 ਵਿਚ ਪ੍ਰਭੂ ਨੇ ਕਿਹਾ, "ਮੈਂ ਤੈਨੂੰ ਫ਼ਿਰਊਨ ਕੋਲ ਘੱਲਾਂਗਾ ਤਾਂ ਜੋ ਤੂੰ ਮੇਰੀ ਪਰਜਾ ਅਰਥਾਤ ਇਸਰਾਏਲੀਆਂ ਨੂੰ ਮਿਸਰ ਵਿੱਚੋਂ ਕੱਢ ਲਿਆਵੇਂ।"

4:19 ਵਿਚ ਪ੍ਰਭੂ ਨੇ ਕਿਹਾ, ਜਾਹ ਅਰ ਮਿਸਰ ਨੂੰ ਮੁੜ ਕਿਉਂ ਜੋ ਤੇਰੀ ਜਾਨ ਦੇ ਲਾਗੂ ਮਰ ਗਏ ਹਨ।

4:21 ਵਿਚ ਪ੍ਰਭੂ ਨੇ ਕਿਹਾ, "ਜਦ ਤੂੰ ਮਿਸਰ ਵਿੱਚ ਮੁੜ ਜਾਵੇਂ ਤਾਂ ਵੇਖ ਤੂੰ ਸਾਰੇ ਅਚਰਜ ਕੰਮ ਜਿਹੜੇ ਮੈਂ ਤੇਰੇ ਹੱਥ ਵਿੱਚ ਰੱਖੇ ਹਨ ਫ਼ਿਰਊਨ ਦੇ ਸਨਮੁਖ ਕਰੀਂ।"

ਪਹਿਲੇ ਹਵਾਲੇ ਵਿਚ, ਪ੍ਰਭੂ ਨੇ ਕਿਹਾ ਕਿ ਉਹ ਮੂਸਾ ਨੂੰ ਮਿਸਰ ਵਿਚ ਘੱਲੇਗਾ ਤਾਂ ਕਿ ਉਹ

ਉਸ ਦੇ ਲੋਕਾਂ ਨੂੰ ਕੱਢ ਲਿਆਵੇ। ਦੂਸਰੇ ਵਿਚ, ਇਹ ਜਾਣਕਾਰੀ ਨੂੰ ਜੋੜਿਆ ਗਿਆ ਸੀ ਕਿ ਜੋ ਮੂਸਾ ਦੀ ਜਾਨ ਦੇ ਪਿੱਛੇ ਪਏ ਹੋਏ ਸਨ ਉਹ ਮਰ ਗਏ ਹਨ (ਵੇਖੋ 2:15, 23)। ਤੀਸਰੇ ਵਿਚ, ਉਸ ਨੇ ਮੂਸਾ ਨੂੰ ਉਨ੍ਹਾਂ ਨਿਸ਼ਾਨਾਂ ਨੂੰ ਵਰਤਣ ਦੇ ਲਈ ਕਿਹਾ ਜੋ ਉਸ ਨੇ ਮਿਸ਼ਨ ਨੂੰ ਪੂਰਾ ਕਰਨ ਦੇ ਲਈ ਉਸ ਨੂੰ ਦਿੱਤੇ ਸਨ।

**ਆਇਤ 20.** ਪਰਮੇਸ਼ੁਰ ਦੀ ਬੁਲਾਹਟ ਦੇ ਉੱਤਰ ਵਿਚ, **ਮੂਸਾ ਆਪਣੀ ਪਤਨੀ ਅਰ ਆਪਣੇ ਪੁੱਤ੍ਰਾਂ ਨੂੰ ਲੈਕੇ** ਮਿਸਰ ਨੂੰ ਤੁਰ ਪਿਆ। ਇਹ ਦੂਸਰੇ ਪੁੱਤਰ ਦਾ ਪਹਿਲਾ ਹਵਾਲਾ ਹੈ। ਪਹਿਲਾ, 2:22 ਵਿਚ, ਗੇਰਸ਼ੋਮ, ਨਾਮ ਨਾਲ ਪਹਿਚਾਣਿਆ ਜਾਂਦਾ ਹੈ; ਦੂਸਰੇ ਦਾ ਨਾਮ, ਅਲੀਅਜ਼ਰ, ਉਸ 18:4 ਤਕ ਪਰਗਟ ਨਹੀਂ ਹੁੰਦਾ ਹੈ। ਲਿਖਤ ਕਹਿੰਦੀ ਹੈ ਕਿ **ਮੂਸਾ ਪਰਮੇਸ਼ੁਰ ਦਾ ਢਾਂਗਾ ਆਪਣੇ ਹੱਥ ਵਿੱਚ ਲੈ ਗਿਆ।** ਇਹ ਅਯਾਲੀ ਦਾ ਢਾਂਗਾ ਪਰਮੇਸ਼ੁਰ ਦਾ ਢਾਂਗਾ ਬਣ ਗਿਆ ਸੀ, ਅਧਿਕਾਰ ਦਾ ਪ੍ਰਤੀਕ ਅਤੇ ਸਾਧਨ ਜਿਸ ਦੇ ਰਾਹੀਂ ਮੂਸਾ ਆਪਣੀ ਬਾਕੀ ਦੀ ਸੇਵਕਾਈ ਦੇ ਦੌਰਾਨ ਨਿਸ਼ਾਨਾਂ ਨੂੰ ਵਿਖਾਵੇਗਾ।

### ਪ੍ਰਭੂ ਕੋਲੋਂ ਹੋਰ ਨਿਰਦੇਸ਼ (4:21-23)

**[21]ਯਹੋਵਾਹ ਨੇ ਮੂਸਾ ਨੂੰ ਆਖਿਆ, ਜਦ ਤੂੰ ਮਿਸਰ ਵਿੱਚ ਮੁੜ ਜਾਵੇਂ ਤਾਂ ਵੇਖ ਤੂੰ ਸਾਰੇ ਅਚਰਜ ਕੰਮ ਜਿਹੜੇ ਮੈਂ ਤੇਰੇ ਹੱਥ ਵਿੱਚ ਰੱਖੇ ਹਨ ਫ਼ਿਰਊਨ ਦੇ ਸਨਮੁਖ ਕਰੀਂ ਪਰ ਮੈਂ ਉਸ ਦੇ ਮਨ ਨੂੰ ਕਠੋਰ ਹੋਣ ਦਿਆਂਗਾ ਅਰ ਉਹ ਪਰਜਾ ਨੂੰ ਜਾਣ ਨਾ ਦੇਵੇਗਾ। [22]ਤਾਂ ਤੂੰ ਫ਼ਿਰਊਨ ਨੂੰ ਆਖੀਂ, ਯਹੋਵਾਹ ਐਉਂ ਫ਼ਰਮਾਉਂਦਾ ਹੈ ਕਿ ਇਸਰਾਏਲ ਮੇਰਾ ਪਲੋਠਾ ਪੁੱਤ੍ਰ ਹੈ। [23]ਅਰ ਮੈਂ ਤੈਨੂੰ ਆਖਿਆ ਹੈ, ਮੇਰੇ ਪੁੱਤ੍ਰ ਨੂੰ ਜਾਣ ਦੇਹ ਤਾਂ ਜੋ ਉਹ ਮੇਰੀ ਬੰਦਗੀ ਕਰੇ ਅਰ ਤੈਂ ਉਸ ਦੇ ਜਾਣ ਦੇਣ ਤੋਂ ਇਨਕਾਰ ਕੀਤਾ ਹੈ। ਵੇਖ ਮੈਂ ਤੇਰੇ ਪੁੱਤ੍ਰ ਸਗੋਂ ਤੇਰੇ ਪਲੋਠੇ ਪੁੱਤ੍ਰ ਨੂੰ ਜਾਨੋਂ ਮਾਰ ਦਿਆਂਗਾ।**

**ਆਇਤਾਂ 21-23.** ਪਰਮੇਸ਼ੁਰ ਨੇ **ਮੂਸਾ** ਨੂੰ ਉਸੇ ਸਮੇਂ ਹੋਣ ਵਾਲੇ ਕੰਮ ਦੇ ਲਈ ਤਿਆਰ ਕੀਤਾ। ਸਭ ਤੋਂ ਪਹਿਲਾਂ, ਪਰਮੇਸ਼ੁਰ ਨੇ ਮੂਸਾ ਨੂੰ ਉਹ **ਅਚਰਜ ਕੰਮ** ਯਾਦ ਦਿਵਾਏ ਜੋ ਉਸ ਨੇ ਪਹਿਲਾਂ ਤੋਂ ਹੀ ਉਸ ਦੇ **ਹੱਥ ਵਿੱਚ ਰੱਖੇ** ਸਨ ਅਤੇ ਕਿਹਾ ਉਹ ਉਨ੍ਹਾਂ ਨੂੰ **ਫ਼ਿਰਊਨ** ਦੇ ਲਈ ਕਰੇ। ਇਨ੍ਹਾਂ ਨਿਸ਼ਾਨਾਂ ਦੀ ਇਸ ਵਰਤੋਂ ਨੇ ਉਨ੍ਹਾਂ ਦੇ ਮਕਸਦ ਨੂੰ ਵਧਾ ਦਿੱਤਾ; ਸ਼ੁਰੂ ਵਿਚ ਉਹ ਇਸ ਲਈ ਦਿੱਤੇ ਗਏ ਸਨ ਤਾਂ ਕਿ ਇਸਰਾਏਲੀ ਉਨ੍ਹਾਂ ਨੂੰ ਵੇਖ ਸਕਣ ਅਤੇ ਮੂਸਾ ਤੇ ਵਿਸ਼ਵਾਸ ਕਰ ਸਕਣ। ਦੂਸਰਾ, ਉਸ ਨੇ, ਇਹ ਕਹਿੰਦੇ ਹੋਏ ਮੂਸਾ ਨੂੰ ਦੱਸਿਆ ਕਿ **ਮੈਂ** (ਪ੍ਰਭੂ) **ਉਸ ਦੇ ਮਨ ਨੂੰ ਕਠੋਰ ਹੋਣ ਦਿਆਂਗਾ** ਇਸ ਲਈ ਫ਼ਿਰਊਨ ਨਹੀਂ ਸੁਣੇਗਾ। ਤੀਸਰਾ, ਉਸ ਨੇ ਪਹਿਲੀ ਬਵਾ ਦੀ ਭਵਿੱਖਵਾਣੀ ਕੀਤੀ - **ਪਲੋਠੇ ਪੁੱਤ੍ਰ** ਦੀ ਮੌਤ - ਸ਼ਰਤਾਂ ਜੋ ਘੋਸ਼ਣਾ ਕਰਦੀਆਂ ਹਨ ਕਿ ਮਿਸਰ ਦੇ ਪਲੋਠੇ ਪੁੱਤ੍ਰ ਦੀ ਮੌਤ ਉਸ ਬੁਰੇ ਵਿਹਾਰ ਦੀ ਸਜ਼ਾ ਸੀ ਜੋ ਪਰਮੇਸ਼ੁਰ ਦੇ ਪਲੋਠੇ (**ਇਸਰਾਏਲ**) ਨੇ ਫ਼ਿਰਊਨ ਦੇ ਹੱਥੋਂ ਸਹੀ ਸੀ। ਇਹ ਇਸ ਸਿਧਾਂਤ ਨੂੰ ਦਰਸਾਉਂਦਾ ਹੈ ਕਿ "ਮਨੁੱਖ ਜੋ ਕੁਝ ਬੀਜਦਾ ਹੈ ਸੋਈਓ ਵੱਢੇਗਾ ਭੀ" (ਗਲਾਤੀਆਂ 6:7)। ਪਰਮੇਸ਼ੁਰ ਨੇ ਮੂਸਾ ਤੇ ਇਸ ਗੱਲ ਨੂੰ ਸਪੱਸ਼ਟ ਕਰ ਦਿੱਤਾ ਸੀ, ਜਿਵੇਂ ਉਸ ਨੇ ਬਾਅਦ ਦੇ ਨਬੀਆਂ ਤੇ ਵੀ ਕੀਤਾ ਸੀ, ਕਿ ਉਸ ਦੇ ਸੰਦੇਸ਼ ਨੂੰ ਖੁਸ਼ੀ ਦੇ ਨਾਲ ਸਵੀਕਾਰ ਨਹੀਂ ਕੀਤਾ ਜਾਵੇਗਾ।

### ਇੱਕ ਖੂਨੀ ਪਤੀ (4:24-26)

**[24]ਤਾਂ ਰਸਤੇ ਵਿੱਚ ਪੜਾਓ ਉੱਤੇ ਐਉਂ ਹੋਇਆ ਕਿ ਯਹੋਵਾਹ ਉਸ ਨੂੰ ਮਿਲਿਆ ਅਰ ਉਸ ਨੂੰ ਮਾਰਨਾ ਚਾਹਿਆ। [25]ਤਾਂ ਸਿੱਪੋਰਾਹ ਨੇ ਇੱਕ ਚਕ ਮਕ ਦੀ ਪੱਥਰੀ ਲੈ ਕੇ ਆਪਣੇ ਪੁੱਤ੍ਰ ਦੀ ਖੱਲੜੀ ਕੱਟ ਸੁੱਟੀ ਅਰ ਉਸ ਨੂੰ ਉਸ ਦੇ ਪੈਰਾਂ ਵਿੱਚ ਸੁੱਟ ਦਿੱਤਾ ਅਤੇ ਆਖਿਆ, ਤੂੰ ਸੱਚ ਮੁਚ ਮੇਰੇ ਲਈ ਇੱਕ ਖੂਨੀ ਪਤੀ ਹੈਂ। [26]ਸੋ ਉਸ ਨੇ ਉਹ ਨੂੰ ਛੱਡ ਦਿੱਤਾ। ਫਿਰ ਉਸ ਨੇ ਉਹ ਨੂੰ ਆਖਿਆ, ਸੁੰਨਤ**

**ਦੇ ਕਾਰਨ ਤੂੰ ਖ਼ੂਨੀ ਪਤੀ ਹੋਇਆ ਹੈਂ।**

**ਆਇਤਾਂ 24-26.** ਇਹ **ਖ਼ੂਨੀ ਪਤੀ** ਦੇ ਵਿਸ਼ੇ ਵਿਚ ਇਹ ਪੈਰਾ ਕੂਚ ਦੇ ਸਭ ਤੋਂ ਮੁਸ਼ਕਲ ਹਵਾਲਿਆਂ ਵਿਚੋਂ ਇੱਕ ਹੈ। ਵਿਆਖਿਆ ਕਰਨ ਵਾਲੇ ਇਸ ਘਟਨਾ ਦੇ ਲਈ ਇੱਕ ਵਿਆਪਕ ਵਿਆਖਿਆ ਪੇਸ਼ ਕਰਦੇ ਹਨ। ਇੱਕ ਅਧਿਐਨ ਬਾਈਬਲ ਤੋਂ ਇਹ ਹੇਠ ਲਿਖੇ ਨੋਟ ਵਿਸ਼ੇਸ਼ ਹਨ:

> [ਕੂਚ 4:24-26 ਹੈ] ਇੱਕ ਪੁਰਾਣੀ ਰੀਤ (ਤੁਲਨਾ ਕਰੋ ਉਤਪਤ 17. 9-14) ਜੋ ਮੂਸਾ ਦੀ ਮਿਦਯਾਨੀ ਪਤਨੀ ਤੇ ਸੁੰਨਤ ਦੇ ਮੂਲ ਨੂੰ ਦੱਸਦੀ ਹੈ ... [ਕੂਚ 4:24] ਸ਼ਤਾਨੀ ਹਮਲੇ ਵਿਚ ਇੱਕ ਪ੍ਰਾਚੀਨ ਵਿਸ਼ਵਾਸ ... ਰੀਤ ਦਾ ਸਮੇਂ ਸਿਰ ਪੂਰਾ ਨਹੀਂ ਕੀਤਾ ਗਿਆ। ਮੂਲ ਰੂਪ ਵਿਚ ਸੁੰਨਤ ਕਰਵਾਉਣਾ ਇੱਕ ਜਵਾਨੀ ਜਾਂ ਵਿਆਹ ਦੀ ਰਸਮ ਸੀ।[4]

ਹਵਾਲੇ ਦੀਆਂ ਹੋਰ ਸੁਝਾਈਆਂ ਹੋਈਆਂ ਵਿਆਖਿਆਵਾਂ ਹੇਠ ਲਿਖੀਆਂ ਸ਼ਾਮਲ ਹਨ: (1) ਇਸ ਤੋਂ ਪਹਿਲਾਂ ਕਿ ਮੂਸਾ ਦੇ ਪਰਿਵਾਰ ਨੂੰ ਮਿਦਯਾਨ ਛੱਡਣ ਦੀ ਇਜਾਜ਼ਤ ਦਿੱਤੀ ਜਾ ਸਕੇ, ਉਸ ਨੇ ਮਿਦਯਾਨੀਆਂ ਦੇ ਦੇਵਤੇ ਨੂੰ ਉਸ ਬੱਚੇ ਦੀ ਸੁੰਨਤ ਕਰਕੇ ਜੋ ਮਿਦਯਾਨ ਵਿਚ ਪੈਦਾ ਹੋਇਆ ਸੀ ਖੁਸ਼ ਕਰਨਾ ਸੀ।[5] (2) ਇਹ ਕਹਾਣੀ ਅਸਲ ਵਿਚ ਮਿਦਯਾਨੀਆਂ ਦੀ ਹੈ। ਇਸ ਦਾ ਇੱਕ ਮਿਦਯਾਨੀ ਪਿਛੋਕੜ ਹੈ ਅਤੇ ਕਿਤਾਬ ਵਿਚ ਪਹਿਲਾਂ ਤੋਂ ਹੀ ਹੈ; ਕਹਾਣੀ ਵਿਚ ਇੱਕ ਮਿਦਯਾਨੀ ਦੇਵਤਾ ਹੈ ਜਿਸ ਦਾ ਨਾਮ "ਯਹੋਵਾਹ"[6] ਹੈ। (3) ਮੂਸਾ ਨੇ ਆਪਣੇ ਪਹਿਲੇ ਪਹਿਲੋਠੇ ਪੁੱਤਰ ਦੀ ਸੁੰਨਤ ਇਸ ਲਈ ਨਹੀਂ ਕੀਤੀ ਸੀ ਕਿਉਂਕਿ ਉਸ ਨੇ, ਇੱਕ ਇਕਰਾਰਨਾਮੇ ਦੇ ਹਿੱਸੇ ਵਜੋਂ, ਜਦੋਂ ਯਿਥਰੋ ਨੇ ਉਸ ਨੂੰ ਆਪਣੀ ਧੀ ਦਿੱਤੀ ਸੀ; ਇਸ ਲਈ, ਸਥਾਨਕ ਦੇਵਤੇ ਦੇ ਨਾਲ ਪੁੱਤਰ ਦਾ ਵਾਇਦਾ ਕੀਤਾ ਸੀ, ਪਰਮੇਸ਼ੁਰ ਚਾਹੁੰਦਾ ਸੀ ਕਿ ਉਹ ਮੂਰਤੀਪੂਜਾ ਦਾ ਤਿਆਗ ਕਰਨ ਦੀ ਘੋਸ਼ਣਾ ਕਰਨ ਦੇ ਲਈ ਉਸ ਪੁੱਤਰ ਦੀ ਸੁੰਨਤ ਕਰੇ।[7] (4) ਪ੍ਰਭੂ ਦਾ ਇੱਕ ਸਵਰਗਦੂਤ ਮੂਸਾ ਨੂੰ ਮਾਰ ਦੇਣਾ ਚਾਹੁੰਦਾ ਸੀ ਕਿਉਂਕਿ ਜਦੋ ਪ੍ਰਭੂ ਨੇ ਉਸ ਨੂੰ ਬੁਲਾਇਆ ਤਾਂ ਉਸ ਨੇ ਅਣਆਗਿਆਕਾਰੀ ਦੀ ਇੱਛਾ ਪਰਗਟ ਕੀਤੀ ਸੀ।[8] ਇਨ੍ਹਾਂ ਵਿਆਖਿਆਵਾਂ ਵਿਚੋਂ ਕੋਈ ਵੀ ਸੰਭਵ ਨਹੀਂ ਜਾਪਦੀ ਹੈ, ਇਨ੍ਹਾਂ ਵਿਚੋਂ ਜ਼ਿਆਦਾਤਰ ਨੂੰ ਖਾਰਜ ਕਰ ਦਿੱਤਾ ਜਾਣਾ ਚਾਹੀਦਾ ਹੈ ਕਿਉਂਕਿ ਬਾਈਬਲ ਦੇ ਕਥਨ ਇਤਹਾਸਕ ਤੌਰ ਤੇ ਸਵੀਕਾਰ ਕੀਤੇ ਜਾਂਦੇ ਹਨ।

ਵੱਖ ਵੱਖ ਵਿਆਖਿਆਵਾਂ ਤੋਂ ਸੰਕੇਤ ਮਿਲਦਾ ਹੈ ਕਿ ਹਵਾਲਾ ਵਿਆਕਰਣਿਕ ਅਤੇ ਧਾਰਮਿਕ ਤੌਰ ਤੇ ਮੁਸ਼ਕਲ ਹੈ। ਉਦਾਹਰਣ ਦੇ ਤੌਰ ਤੇ, ਕਹਾਣੀ ਇਸ ਜਾਣਕਾਰੀ ਦੇ ਨਾਲ ਸ਼ੁਰੂ ਹੁੰਦੀ ਹੈ: **ਯਹੋਵਾਹ ਉਸ ਨੂੰ ਮਿਲਿਆ ਅਰ ਉਸ ਨੂੰ ਮਾਰਨਾ ਚਾਹਿਆ। ਇਹ ਬਿਆਨ ਸਮੱਸਿਆ ਵਾਲਾ ਹੈ।** (1) ਪਰਮੇਸ਼ੁਰ ਕਿਸ ਨੂੰ ਮਾਰਨਾ ਚਾਹੁੰਦਾ ਸੀ? ਜ਼ਿਆਦਾਤਰ ਟਿੱਪਣੀਕਾਰ ਇਸ ਗੱਲ ਨਾਲ ਸਹਿਮਤ ਹਨ ਕਿ ਮੂਸਾ ਪਰਮੇਸ਼ੁਰ ਦੇ ਕ੍ਰੋਧ ਦਾ ਵਿਸ਼ਾ ਸੀ, ਪਰ ਪੂਰਵ ਪਦ ਦਾ ਪੜਨਾਂਵ ਅਸਪੱਸ਼ਟ ਹੈ; ਪੜਨਾਂਵ "ਉਸ ਨੂੰ" ਮੂਸਾ ਜਾਂ ਉਸ ਦੇ ਦੋਵਾਂ ਪੁੱਤਰਾਂ ਵਿਚੋਂ ਇੱਕ ਨੂੰ ਦਰਸਾ ਸਕਦਾ ਹੈ। (2) ਜੇਕਰ ਮੂਸਾ ਉਹ ਵਿਅਕਤੀ ਸੀ ਜਿਸ ਨੂੰ ਪਰਮੇਸ਼ੁਰ ਮਾਰ ਦੇਣਾ ਚਾਹੁੰਦਾ ਸੀ, ਤਾਂ ਉਹ ਆਪਣੇ ਲੋਕਾਂ ਨੂੰ ਮਿਸਰ ਵਿਚੋਂ ਕੱਢ ਲਿਆਉਣ ਦਾ ਹੁਕਮ ਦੇਣ ਤੋਂ ਤੁਰੰਤ ਬਾਅਦ ਵਿਚ ਅਜਿਹਾ ਕਿਉਂ ਕਰੇਗਾ? (3) ਮੂਲ ਲਿਖਤ ਇਹ ਕਿਉਂ ਕਹਿੰਦੀ ਹੈ ਕਿ "ਯਹੋਵਾਹ ਉਸ ਨੂੰ ਮਿਲਿਆ"? ਕੀ ਪਰਮੇਸ਼ੁਰ ਜੋ ਕੁਝ ਕਰਨਾ ਚਾਹੇ ਉਹ ਸਵਰਗ ਤੋਂ ਨਹੀਂ ਕਰ ਸਕਦਾ ਹੈ? (4) ਹਵਾਲਾ ਕਿਉਂ ਕਹਿੰਦਾ ਹੈ, "ਪ੍ਰਭੂ ਨੇ ਉਸ ਨੂੰ ਮਾਰ ਦੇਣਾ *ਚਾਹਿਆ*" ਜਾਂ "ਉਸ ਨੂੰ ਮਾਰਨ ਦੀ *ਕੋਸ਼ਿਸ਼* ਕੀਤੀ"? (NRSV; ਜ਼ੋਰ ਦਿੱਤਾ ਗਿਆ ਹੈ)। ਕੀ ਪ੍ਰਭੂ ਦੇ ਲਈ ਕੋਈ ਕੰਮ ਕਰਨਾ ਬਹੁਤ ਹੀ ਵੱਡੀ ਗੱਲ ਹੁੰਦੀ ਹੈ? ਜੇਕਰ ਪਰਮੇਸ਼ੁਰ ਉਸ ਨੂੰ ਮਾਰਨਾ ਚਾਹੁੰਦਾ ਸੀ, ਤਾਂ ਉਹ ਅਜਿਹਾ ਕਿਉਂ ਨਹੀਂ ਕਰ ਸਕਿਆ? ਕਿਉਂ ਸਿਰਫ "ਚਾਹਿਆ" ਜਾਂ "ਕੋਸ਼ਿਸ਼" ਹੀ ਕੀਤੀ? ਕੀ ਇਨ੍ਹਾਂ ਸ਼ਬਦਾਂ ਦਾ ਅਰਥ ਇਹ ਹੈ ਕਿ

ਪਰਮੇਸ਼ੁਰ ਨੇ ਕੋਸ਼ਿਸ਼ ਕੀਤੀ ਅਤੇ ਅਸਫਲ ਹੋ ਗਿਆ?

ਹਵਾਲੇ ਦਾ ਅਰਥ ਸਮਝਣ ਦੇ ਲਈ, ਪਹਿਲਾ ਪ੍ਰਸ਼ਨ ਜਿਸ ਦਾ ਉੱਤਰ ਦਿੱਤੇ ਜਾਣ ਦੀ ਲੋੜ ਹੈ ਉਹ ਇਹ ਹੈ "ਕੀ ਹੋਇਆ ਸੀ?" ਸ਼ਬਦਾਂ ਵਿਚ ਕਿਸ ਇਤਹਾਸਕ ਸੱਚਾਈ ਨੂੰ ਪਰਗਟ ਕੀਤਾ ਗਿਆ ਹੈ? ਲੇਖਕ ਮਾਨਵਤਾਵਾਦੀ ਭਾਸ਼ਾ ਦੀ ਵਰਤੋਂ ਕਰ ਰਿਹਾ ਸੀ; ਅਰਥਾਤ, ਉਸ ਨੇ ਪਰਮੇਸ਼ੁਰ ਦੁਆਰਾ ਕੀਤੇ ਗਏ ਕੰਮ ਨੂੰ ਉਨ੍ਹਾਂ ਸ਼ਬਦਾਂ ਵਿਚ ਕਹਿਣ ਦੀ ਕੋਸ਼ਿਸ਼ ਕੀਤੀ ਹੈ ਜੋ ਕੰਮ ਮਨੁੱਖ ਦੁਆਰਾ ਕੀਤੇ ਜਾ ਸਕਦੇ ਸਨ, ਤਾਂ ਜੋ ਲੋਕ ਇਸ ਨੂੰ ਹੋਰ ਚੰਗੀ ਤਰ੍ਹਾਂ ਦੇ ਨਾਲ ਸਮਝ ਸਕਣ (ਜਿਵੇਂ ਉਤਪਤ 11:5 ਕਹਿੰਦੀ ਹੈ ਕਿ ਤਾਂ ਯਹੋਵਾਹ ਉਸ ਸ਼ਹਿਰ ਅਰ ਬੁਰਜ ਨੂੰ ਜਿਹ ਨੂੰ ਆਦਮ-ਵੰਸ ਨੇ ਬਣਾਇਆ ਸੀ ਵੇਖਣ ਲਈ ਉੱਤਰਿਆ)। "ਯਹੋਵਾਹ ਉਸ ਨੂੰ ... ਉਸ ਨੂੰ ਮਾਰਨਾ ਚਾਹਿਆ" ਇਸ ਤੋਂ ਬਾਅਦ, ਮੂਸਾ ਨੂੰ ਕਿਸੇ ਸੰਭਾਵਕ ਘਾਤਕ ਬੀਮਾਰੀ ਦੇ ਨਾਲ ਜਕੜੇ ਜਾਣ ਦਾ ਉਲੇਖ ਕੀਤਾ ਗਿਆ ਹੈ, ਕਿਸੇ ਹੋਰ ਤੋਂ ਤਰੀਕੇ ਨਾਲ ਹਮਲਾ ਕੀਤਾ ਤਾਂਕਿ ਉਨ੍ਹਾਂ ਦਾ ਜੀਵਨ ਖਤਰੇ ਵਿਚ ਪੈ ਜਾਵੇ। ਉਹ ਮਰਨ ਵਾਲਾ ਸੀ। ਕੌਣ ਲੋਕਾਂ ਨੂੰ ਬੀਮਾਰੀ ਜਾਂ ਸੱਟ ਨਾਲ ਮਾਰਦਾ ਹੈ? ਪੁਰਾਣੇ ਨੇਮ ਧਰਮ ਸ਼ਾਸਤਰ ਵਿਚ, ਪਰਮੇਸ਼ੁਰ ਨੇ ਕੀਤਾ। ਜੋ ਕੁਝ ਵੀ ਹੋਇਆ, ਚੰਗਾ ਜਾਂ ਬੁਰਾ, ਪਰਮੇਸ਼ੁਰ ਨੇ ਇਹ ਕੀਤਾ। ਜੇਕਰ ਇਹ ਬੁਰਾ ਸੀ, ਤਾਂ ਤੌਬਾ ਕਰਨ ਅਤੇ ਸੁਧਾਰ ਕਰਨ ਦੇ ਦੁਆਰਾ ਪਰਮੇਸ਼ੁਰ ਪੀੜਿਤ ਵਿਅਕਤੀ ਦੇ ਪ੍ਰਤਿ ਆਪਣੇ ਕੰਮਾਂ ਨੂੰ ਬਦਲ ਸਕਦਾ ਹੈ।

ਇਸ ਲਈ, ਇਹ ਕਿਹਾ ਜਾ ਸਕਦਾ ਹੈ ਕਿ ਪਰਮੇਸ਼ੁਰ ਨੇ ਇਕ ਦੁਖ ਜਾਂ ਸੱਟ ਭੇਜੀ ਜਿਸ ਦੇ ਕਾਰਣ ਮੂਸਾ ਕਰਨ ਦੇ ਕਿਨਾਰੇ ਸੀ। ਕਿਉਂਕਿ **ਸੁੰਨਤ** ਨਾਲ ਸਮੱਸਿਆ ਹੱਲ ਹੋ ਗਈ, ਯਕੀਨੀ ਤੌਰ ਤੇ ਮੂਸਾ ਆਪਣੇ ਪੁੱਤਰਾਂ ਵਿਚੋਂ ਇੱਕ ਦੀ ਸੁੰਨਤ ਕਰਨ ਵਿਚ ਨਾਕਾਮ ਰਿਹਾ ਸੀ ਜੋ ਬਿਪਤਾ ਦਾ ਕਾਰਣ ਬਣ ਗਿਆ ਸੀ। ਪਰਮੇਸ਼ੁਰ ਨੇ ਅਬਰਾਹਾਮ ਅਤੇ ਉਸ ਦੀ ਸੰਤਾਨ ਦੇ ਨਾਲ ਇਕ ਨੇਮ ਬੰਨ੍ਹਿਆ ਸੀ ਜਿਸ ਦੇ ਕਾਰਣ ਉਨ੍ਹਾਂ ਨੂੰ ਸੁੰਨਤ ਕਰਾਉਣ ਦੀ ਲੋੜ ਸੀ (ਉਤਪਤ 17), ਤੇ ਮੂਸਾ ਅਬਰਾਹਾਮ ਦਾ ਇਕ ਬੱਚਾ ਸੀ। ਜੇਕਰ ਉਸ ਨੇ ਆਪਣੇ ਪੁੱਤਰਾਂ ਵਿਚੋਂ ਇਕ ਦੀ ਸੁੰਨਤ ਨਹੀਂ ਕੀਤੀ, ਤਾਂ ਉਹ ਪਰਮੇਸ਼ੁਰ ਦਾ ਹੁਕਮ ਮੰਨਣ ਵਿਚ ਨਾਕਾਮ ਰਹਿਣ ਦਾ ਦੋਸ਼ੀ ਸੀ।

ਮੂਸਾ ਦੀ ਪਤਨੀ, **ਸਿੱਪੋਰਾਹ** ਦੇ ਦੁਆਰਾ ਸੁੰਨਤ ਕੀਤੀ ਗਈ, ਜਿਸ ਨੇ **ਆਪਣੇ ਪੁੱਤ੍ਰ ਦੀ ਖੱਲੜੀ ਕੱਟ ਸੁੱਟੀ।** ਇਸ ਲਈ ਮੂਸਾ ਦਾ ਜੀਵਨ ਉਸ ਦੀ ਪਤਨੀ ਦੇ ਦੁਆਰਾ ਬਚਾ ਲਿਆ ਗਿਆ। ਸੁੰਨਤ ਤੋਂ ਬਾਅਦ, ਉਸ ਨੇ [ਖੱਲੜੀ ਨੂੰ] **ਉਸ ਦੇ ਪੈਰਾਂ ਵਿੱਚ ਸੁੱਟ ਦਿੱਤਾ।** ਜ਼ਿਆਦਾਤਰ ਟਿੱਪਣੀਕਾਰ ਮੰਨਦੇ ਹਨ ਕਿ ਉਸ ਦੀ ਪ੍ਰਤਿਕਿਰਿਆ ਨੇ ਅਪ੍ਰੇਸ਼ਨ ਕਰਨ ਦੇ ਲਈ ਉਸ ਦੇ ਗੁੱਸੇ ਨੂੰ ਪਰਗਟ ਕੀਤਾ।

ਕੋਈ ਨਹੀਂ ਜਾਣਦਾ ਕਿ ਸਿੱਪੋਰਾਹ ਦਾ ਅਰਥ ਕੀ ਸੀ ਜਦੋਂ ਉਸ ਨੇ ਸੁੰਨਤ ਤੋਂ ਬਾਅਦ **ਇੱਕ ਖ਼ੂਨੀ ਪਤੀ** ਕਿਹਾ ਸੀ। ਅਨੁਮਾਨਾਂ ਤੋਂ ਅਨੁਮਾਨ ਲਗਾਇਆ ਗਿਆ ਹੈ ਕਿ ਉਹ ਕਹਿ ਰਹੀ ਸੀ ਕਿ ਮੂਸਾ ਇੱਕ ਦੋਸ਼ੀ ਪਤੀ ਸੀ, ਜਿਸ ਨੇ ਬਹੁਤ ਦੇਰ ਪਹਿਲਾਂ ਮਿਸਰੀ ਨੂੰ ਮਾਰ ਦਿੱਤਾ ਸੀ, ਇਹ ਵਿਚਾਰ ਹੈ ਕਿ ਇਹ ਇੱਕ ਪਰੰਪਰਾਗਤ ਮਿਦਯਾਨੀ ਕਹਾਵਤ ਸੀ ਜਿਸ ਦਾ ਇਸਤੇਮਾਲ ਉਸ ਸਮੇਂ ਕੀਤਾ ਗਿਆ ਜਦੋਂ ਲਾੜਾ ਵਿਆਹ ਦੇ ਲਈ ਸੁੰਨਤ ਕਰਦਾ ਸੀ।[9] ਜੌਨ ਸਮਿਥ ਦੇ ਦੁਆਰਾ ਇੱਕ ਆਕਰਸ਼ਕ ਸੁਝਾਅ ਦਿੱਤਾ ਗਿਆ ਸੀ: "ਸਿੱਪੋਰਾਹ ਮੂਸਾ ਨੂੰ ਸਿਰਫ ਇਹ ਕਹਿ ਰਹੀ ਸੀ, 'ਤੂੰ ਮੇਰਾ ਪਤੀ ਹੈਂ ਜੋ ਲਹੂ ਦੇ ਨੇਮ ਦੇ ਰਾਹੀਂ ਮੈਨੂੰ ਮੁਰਦਿਆਂ ਵਿਚੋਂ ਮੋੜ ਲਿਆਇਆ ਹੈਂ - ਹੁਣ ਤੋਂ ਦੋ ਵਾਰ।'"[10] ਆਇਤ 26 ਵਿਚ ਆਖਰੀ ਵਾਕ ਇਸ ਲਈ ਜੋੜਿਆ ਗਿਆ ਹੈ ਕਿਉਂਕਿ ਸਿੱਪੋਰਾਹ ਦੀ ਕਹਾਵਤ ਨੂੰ ਪਾਠਕ ਬਹੁਤ ਹੀ ਚੰਗੀ ਤਰ੍ਹਾਂ ਦੇ ਨਾਲ ਜਾਣਦੇ ਸਨ। ਲੇਖਕ ਨੇ ਇਹ ਅਨੁਮਾਨ ਲਗਾਇਆ ਕਿ ਉਨ੍ਹਾਂ ਨੂੰ ਇਹ ਦੱਸਣ ਦੀ ਲੋੜ ਸੀ ਕਿ ਉਸ ਨੇ *ਕਿਉਂ* ਇਹ ਬਿਆਨ ਦਿੱਤਾ।

ਮੂਸਾ ਦਾ ਮੌਤ ਨੇੜੇ ਪਹੁੰਚਣ ਅਤੇ ਉਸ ਦੇ ਪੁੱਤਰ ਦੀ ਸੁੰਨਤ ਦੇ ਸੰਬੰਧ ਦੂਸਰਾ ਪ੍ਰਸ਼ਨ "ਕਿਉਂ"

ਹੈ ਜਿਸ ਦਾ ਉੱਤਰ ਦਿੱਤਾ ਜਾਣਾ ਚਾਹੀਦਾ ਹੈ। ਪਰਮੇਸ਼ੁਰ ਨੇ ਮੂਸਾ ਨੂੰ ਮਾਰ ਦੇਣ ਦੀ ਕੋਸ਼ਿਸ਼ ਕਿਉਂ ਕੀਤੀ ਸੀ, ਅਤੇ ਇਸ ਘਟਨਾ ਨੂੰ ਕੂਚ ਦੀ ਕਿਤਾਬ ਦੇ ਵਿਚ ਕਿਉਂ ਦਰਜ ਕੀਤਾ ਗਿਆ ਹੈ? ਕਹਾਣੀ ਵਿਚਲਾ "ਕਿਉਂ" ਸ਼ਾਇਦ ਸੰਬੰਧਤ ਹੋਵੇ (1) ਸੁੰਨਤ ਦੇ ਮਹੱਤਵ ਦੇ ਨਾਲ ਅਤੇ (2) ਇਸਰਾਏਲ ਦੇ ਆਗੂ ਦੀ ਵਫ਼ਾਦਾਰੀ ਨਾਲ ਆਗਿਆਕਾਰੀ ਕਰਨ ਦੀ ਵਧੀਆ ਉਦਾਹਰਣ ਨੂੰ ਉਨ੍ਹਾਂ ਲੋਕਾਂ ਦੇ ਸਾਹਮਣੇ ਪੇਸ਼ ਕਰਨਾ ਜਿਨ੍ਹਾਂ ਦੀ ਅਗਵਾਈ ਕਰਨ ਦੇ ਲਈ ਉਸ ਨੂੰ ਬੁਲਾਇਆ ਗਿਆ ਸੀ। ਜੇਕਰ ਮੂਸਾ ਆਪ ਪਰਮੇਸ਼ੁਰ ਦੀ ਸ਼ਰਾ ਦਾ ਪਾਲਣ ਕਰਨ ਵਾਲਾ ਨਾ ਹੁੰਦਾ ਤਾਂ ਉਹ ਪਰਮੇਸ਼ੁਰ ਦੇ ਮਾਰਗਾਂ ਤੇ ਪਰਮੇਸ਼ੁਰ ਦੇ ਲੋਕਾਂ ਦੀ ਸਫਲਤਾ ਨਾਲ ਨਹੀਂ ਕਰ ਸਕਦਾ ਸੀ। ਉਸ ਦੀ ਅਣਆਗਿਆਕਾਰੀ ਉਸ ਦੇ ਬੱਚੇ ਦੀ ਸੁੰਨਤ ਵਿਚ ਦੇਰ ਹੋਣ ਤੋਂ ਸਪੱਸ਼ਟ ਹੁੰਦੀ ਹੈ। ਵਾਰਨ ਡਬਲਿਊ. ਵਾਈਸਬੇ ਨੇ ਟਿੱਪਣੀ ਕੀਤੀ, "ਮੂਸਾ ਪਰਮੇਸ਼ੁਰ ਦੇ ਲੋਕਾਂ ਦੀ ਅਗਵਾਈ ਨਹੀਂ ਕਰ ਸਕਦਾ ਸੀ ਜੇਕਰ ਉਹ ਪ੍ਰਭੂ ਦੇ ਬੁਨਿਆਦੀ ਹੁਕਮਾਂ ਵਿਚੋਂ ਇੱਕ ਦੀ ਵੀ ਅਣਦੇਖੀ ਕਰਦਾ (ਉਤਪਤ 17:10-14)।"[11] ਪਹਿਲੇ ਪਾਠਕਾਂ ਦੇ ਲਈ, ਕਹਾਣੀ ਨੇ ਆਗਿਆਕਾਰੀ ਦੇ ਮਹੱਤਵ ਤੇ ਜ਼ੋਰ ਦਿੱਤਾ ਅਤੇ ਵਿਸ਼ੇਸ਼ ਰੂਪ ਵਿਚ "ਸੁੰਨਤ ਦੇ ਜਬਰਦਸਤ ਮਹੱਤਵ ਨੂੰ ਦਰਸਾਉਣ ਦੀ ਸੇਵਾ ਕੀਤੀ।"[12]

ਇਹ ਕਹਾਣੀ ਕਿਤਾਬ ਵਿਚਲੀਆਂ ਹੋਰਨਾਂ ਘਟਨਾਵਾਂ ਦੇ ਨਾਲ ਸੰਬੰਧਤ ਜਾਪਦੀ ਹੈ। ਉਦਾਹਰਣ ਦੇ ਲਈ, ਇਸ ਵਿਚ ਮੂਸਾ ਦੇ ਪੁੱਤਰ ਦੀ ਸੁੰਨਤ ਸ਼ਾਮਲ ਹੈ ਜਿਸ ਦੇ ਤੁਰੰਤ ਬਾਅਦ ਦਰਜ ਹੈ ਕਿ ਪਰਮੇਸ਼ੁਰ ਨੇ ਮਿਸਰ ਦੇ ਪਲੋਠੇ ਪੁੱਤਰਾਂ ਨੂੰ ਧਮਕੀ ਦਿੱਤੀ। ਮੂਸਾ ਦਾ ਜੀਵਨ ਇੱਕ ਅਪ੍ਰੇਸ਼ਨ ਦੇ ਦੁਆਰਾ ਬਚਾਇਆ ਗਿਆ ਸੀ ਜਿਸ ਵਿਚ ਲਹੂ ਦਾ ਵਹਾਇਆ ਜਾਣਾ ਸ਼ਾਮਲ ਹੈ, ਅਤੇ ਫਿਰ ਮੂਸਾ ਨੂੰ ਇੱਕ "ਖੂਨੀ ਪਤੀ" ਕਿਹਾ ਗਿਆ ਸੀ। ਇਸੇ ਤਰ੍ਹਾਂ, ਇੱਕ ਮੇਮਣੇ ਦੇ ਲਹੂ ਦੇ ਬਹਾਏ ਜਾਣ ਦੇ ਦੁਆਰਾ ਇਸਰਾਏਲ ਦਸਵੀਂ ਬਵਾ ਦੇ ਕਹਿਰ ਤੋਂ ਬਚ ਗਿਆ ਸੀ ਅਤੇ ਫਿਰ, ਇੱਕ ਅਰਥ ਵਿਚ, ਪਰਮੇਸ਼ੁਰ ਦੇ ਨਾਲ "ਵਿਆਹ ਕੀਤਾ," ਹਾਲਾਂਕਿ ਕੂਚ ਦੀ ਕਿਤਾਬ ਉਨ੍ਹਾਂ ਸ਼ਰਤਾਂ ਵਿਚ ਇਸਰਾਏਲ ਦੀ ਚੋਣ ਦੀ ਤਸਵੀਰ ਨਹੀਂ ਉਲੀਕਦੀ ਹੈ। ਇਸ ਤੋਂ ਇਲਾਵਾ, ਜਦੋਂ ਇਹ ਘਟਨਾ ਹੋਈ, ਤਾਂ ਮੂਸਾ ਮਿਦਯਾਨ ਦੇ ਪੁਜਾਰੀ ਤੋਂ ਇਜਾਜ਼ਤ ਲੈ ਕੇ, ਮਿਸਰ ਵਿਚ ਪ੍ਰਵੇਸ਼ ਕਰਨ ਦੇ ਲਈ ਉਜਾੜ ਵੱਲ ਜਾ ਰਿਹਾ ਸੀ। ਬਾਅਦ ਵਿਚ, ਜਦੋਂ ਲਹੂ ਵਹਾਇਆ ਗਿਆ ਅਤੇ ਪਹਿਲੌਠੇ ਮਾਰੇ ਗਏ, ਤਾਂ ਮੂਸਾ ਮਿਸਰ ਨੂੰ ਛੱਡ ਰਿਹਾ ਸੀ ਤਾਂ ਕਿ ਉਜਾੜ ਵਿਚ ਪ੍ਰਵੇਸ਼ ਕਰੇ। ਉਸ ਨੇ ਫ਼ਿਰਊਨ ਤੋਂ ਇਜਾਜ਼ਤ ਲਈ ਸੀ, ਜਿਸ ਨੂੰ ਮਿਸਰ ਦੇ ਵਿਚ ਇੱਕ ਦੇਵਤੇ ਦੇ ਰੂਪ ਵਿਚ ਮੰਨਿਆ ਜਾਂਦਾ ਸੀ ਅਤੇ ਸ਼ਾਇਦ ਪੁਜਾਰੀ ਦਾ ਕੰਮ ਕਰਦਾ ਸੀ। ਇਹ ਸਮਾਨਤਾਵਾਂ ਸੰਯੋਗ ਨਹੀਂ ਹੋ ਸਕਦੀਆਂ।

## ਹਾਰੂਨ, ਮੂਸਾ, ਅਤੇ ਲੋਕ (4:27-31)

**27ਫੇਰ ਯਹੋਵਾਹ ਨੇ ਹਾਰੂਨ ਨੂੰ ਆਖਿਆ, ਜਾਹ ਅਤੇ ਮੂਸਾ ਨੂੰ ਉਜਾੜ ਵਿੱਚ ਮਿਲ ਤਾਂ ਉਹ ਚੱਲਾ ਗਿਆ ਅਰ ਉਸ ਨੂੰ ਪਰਮੇਸ਼ੁਰ ਦੇ ਪਹਾੜ ਉੱਤੇ ਮਿਲਿਆ ਅਤੇ ਉਸ ਨੂੰ ਚੁੰਮਿਆ। 28ਤਾਂ ਮੂਸਾ ਨੇ ਹਾਰੂਨ ਨੂੰ ਯਹੋਵਾਹ ਦੀਆਂ ਸਾਰੀਆਂ ਗੱਲਾਂ ਦੱਸੀਆਂ ਜਿਨ੍ਹਾਂ ਲਈ ਉਸ ਨੂੰ ਘੱਲਿਆ ਸੀ ਨਾਲੇ ਓਹ ਸਾਰੇ ਨਿਸ਼ਾਨ ਜਿਨ੍ਹਾਂ ਦਾ ਉਸ ਨੂੰ ਹੁਕਮ ਦਿੱਤਾ ਸੀ। 29ਸੋ ਮੂਸਾ ਅਰ ਹਾਰੂਨ ਚੱਲੇ ਗਏ ਅਰ ਇਸਰਾਏਲੀਆਂ ਦੇ ਸਾਰੇ ਬਜ਼ੁਰਗਾਂ ਨੂੰ ਇਕੱਠੇ ਕੀਤਾ। 30ਅਤੇ ਹਾਰੂਨ ਨੇ ਸਾਰੀਆਂ ਗੱਲਾਂ ਜਿਹੜੀਆਂ ਯਹੋਵਾਹ ਨੇ ਮੂਸਾ ਨਾਲ ਕੀਤੀਆਂ ਸਨ ਦੱਸੀਆਂ ਅਤੇ ਪਰਜਾ ਦੇ ਵੇਖਦਿਆਂ ਓਹ ਨਿਸ਼ਾਨ ਵਿਖਾਏ। 31ਤਾਂ ਪਰਜਾ ਨੇ ਪਰਤੀਤ ਕੀਤੀ ਅਤੇ ਜਦ ਉਨ੍ਹਾਂ ਨੇ ਸੁਣਿਆ ਭਈ ਯਹੋਵਾਹ ਨੇ ਇਸਰਾਏਲੀਆਂ ਦੀ ਖ਼ਬਰ ਲੀਤੀ ਹੈ ਅਤੇ ਉਨ੍ਹਾਂ ਦਾ ਦੁਖ ਵੇਖਿਆ ਹੈ ਤਾਂ ਆਪਣੇ ਸੀਸ ਨਿਵਾ ਕੇ ਮੱਥਾ ਟੇਕਿਆ।**

**ਆਇਤਾਂ 27, 28.** ਪਰਮੇਸ਼ੁਰ ਨੇ **ਮੂਸਾ** ਨਾਲ ਮਿਲਣ ਦੇ ਲਈ **ਹਾਰੂਨ** ਨੂੰ **ਪਰਮੇਸ਼ੁਰ ਦੇ**

**ਪਹਾੜ** ਤੇ ਘੱਲਿਆ - ਸਪੱਸ਼ਟ ਤੌਰ ਤੇ ਸੀਨਈ ਪਹਾੜ, ਜਾਂ ਹੋਰੇਬ ਪਹਾੜ। ਮਿਦਯਾਨ, ਉਹ ਦੇਸ ਜਿਸ ਤੋਂ ਮੂਸਾ ਸਫਰ ਕਰ ਰਿਹਾ ਸੀ, ਉਹ ਜ਼ਰੂਰ ਉਸ ਪਹਾੜ ਦੇ ਪੂਰਬ ਵਿਚ ਰਿਹਾ ਹੋਵੇਗਾ। ਬੇਸ਼ੱਕ, ਹਾਰੂਨ ਆਪਣੇ ਭਰਾ (4:14) ਦੇ ਨਾਲ ਦੁਬਾਰਾ ਮਿਲ ਕੇ "ਅਨੰਦ" ਹੋਇਆ ਸੀ ਅਤੇ ਉਸ ਨੇ ਰਿਵਾਈਤੀ ਤੌਰ ਤੇ ਉਸ ਦਾ ਸਵਾਗਤ ਕਰਨ ਲਈ ਉਸ ਨੂੰ **ਚੁੰਮਿਆ**। ਮੂਸਾ ਨੇ ਹਾਰੂਨ ਨੂੰ ਉਹ ਸਭ ਕੁਝ ਦੱਸਿਆ ਜੋ ਪਰਮੇਸ਼ੁਰ ਨੇ ਉਸ ਨੂੰ ਕਿਹਾ ਸੀ, ਅਤੇ ਉਹ ਦੋਵੇਂ ਇਕੱਠੇ ਇਸਰਾਏਲ ਦੇ ਲੋਕਾਂ ਨੂੰ ਆਉਣ ਵਾਲੇ ਛੁਟਕਾਰੇ ਦੀ ਖ਼ਬਰ ਦੇਣ ਦੇ ਲਈ ਮਿਸਰ ਵਿਚ ਮੁੜ ਆਏ।

**ਆਇਤਾਂ 29-31. ਬਜ਼ੁਰਗਾਂ** ਨੂੰ ਇਕੱਠੇ ਕਰਨ ਤੋਂ ਬਾਅਦ, **ਮੂਸਾ** ਅਤੇ **ਹਾਰੂਨ** ਨੇ ਉਨ੍ਹਾਂ ਨੂੰ **ਸਾਰੀਆਂ ਗੱਲਾਂ ਜਿਹੜੀਆਂ ਯਹੋਵਾਹ ਨੇ ... ਕੀਤੀਆਂ ਸਨ ਦੱਸੀਆਂ** ਅਤੇ ਉਹ **ਨਿਸ਼ਾਨ** ਵੀ **ਵਿਖਾਏ** ਜੋ ਪਰਮੇਸ਼ੁਰ ਨੇ ਉਨ੍ਹਾਂ ਨੂੰ ਦਿੱਤੇ ਸਨ। ਸਿੱਟੇ ਵਜੋਂ, ਉਨ੍ਹਾਂ ਨੇ ਉਸ ਉੱਤੇ ਵਿਸ਼ਵਾਸ ਕਰਦੇ ਹੋਏ ਜੋ ਮੂਸਾ ਅਤੇ ਹਾਰੂਨ ਨੇ ਕਹਿਣਾ ਸੀ ਯੋਗ ਤਰੀਕੇ ਦੇ ਨਾਲ ਉੱਤਰ ਦਿੱਤਾ। ਮੂਸਾ ਦਾ ਆਉਣਾ ਇਸ ਗੱਲ ਦਾ ਸਬੂਤ ਸੀ ਕਿ ਪਰਮੇਸ਼ੁਰ ਨੇ ਉਨ੍ਹਾਂ ਦੀਆਂ ਦੁਹਾਈਆਂ ਨੂੰ ਸੁਣਿਆ ਸੀ (2:23), **ਆਪਣੇ ਸੀਸ ਨਿਵਾ ਕੇ ਮੱਥਾ ਟੇਕਿਆ**। ਇਸ ਲਈ, ਅਧਿਆਇ 4, ਇੱਕ ਉੱਚ ਨੋਟ ਦੇ ਨਾਲ ਸਮਾਪਤ ਹੁੰਦਾ ਹੈ। ਪਰਮੇਸ਼ੁਰ ਨੇ ਆਪਣੇ ਲੋਕਾਂ ਦੀਆਂ ਦੁਹਾਈਆਂ ਸੁਣੀਆਂ ਸਨ! ਉਹ ਉਨ੍ਹਾਂ ਦੇ ਦੁਖ ਨੂੰ ਜਾਣਦਾ ਸੀ, ਅਤੇ ਉਸ ਨੇ ਉਨ੍ਹਾਂ ਨੂੰ ਛੁਟਕਾਰਾ ਦਿਵਾਉਣ ਦੇ ਲਈ ਇੱਕ ਚਮਤਕਾਰੀ ਛੁਟਕਾਰਾ ਦੇਣ ਵਾਲੇ ਨੂੰ ਘੱਲਿਆ ਸੀ! ਇਸਰਾਏਲ ਦੇ ਲੋਕਾਂ ਦੀਆਂ ਬਹੁਤ ਉੱਚੀਆਂ ਉਮੀਦਾਂ ਸਨ! ਬਦਕਿਸਮਤੀ ਨਾਲ, ਉਨ੍ਹਾਂ ਦੀਆਂ ਆਸਾਂ ਜਲਦੀ ਨਾਲ ਪੂਰੀਆਂ ਨਹੀਂ ਹੋਣੀਆਂ ਸਨ।

# ਪ੍ਰਾਸੰਗਿਕਤਾ

### ਬਹਾਨੇ (ਅਧਿਆਏ 3; 4)

ਮੂਸਾ ਦੁਆਰਾ ਪਰਮੇਸ਼ੁਰ ਨੂੰ ਪੁੱਛੇ ਗਏ ਸਵਾਲਾਂ ਦਾ ਇਸਤੇਮਾਲ ਬਹਾਨੇ ਬਣਾਉਣ ਦੇ ਇੱਕ ਸੰਦੇਸ਼ ਤੋਂ ਜਾਣੂ ਕਰਵਾਉਣ ਦੇ ਲਈ ਕੀਤਾ ਜਾ ਸਕਦਾ ਹੈ। ਇਹ ਸਬਕ ਉਸ ਦੇ ਬਹਾਨਿਆਂ ਤੋਂ ਪਵਿੱਤਰ ਬਾਈਬਲ ਦੇ ਹੋਰਨਾਂ ਪਾਤਰਾਂ ਦੇ ਦੁਆਰਾ ਪੇਸ਼ ਕੀਤੇ ਗਏ ਬਹਾਨਿਆਂ ਤੱਕ ਅੱਗੇ ਵੱਧ ਸਕਦਾ ਹੈ - ਆਦਮ, ਹਾਰੂਨ, ਸ਼ਾਊਲ, ਦਾਵਤ ਤੇ ਬੁਲਾਏ ਗਏ ਲੋਕ (ਲੂਕਾ 14:16-24), ਅਤੇ ਹੋਰ ਲੋਕ - ਅਤੇ ਫਿਰ ਉਨ੍ਹਾਂ ਬਹਾਨਿਆਂ ਵੱਲ ਅੱਗੇ ਵੱਧਦਾ ਹੈ ਜੋ ਅੱਜ ਲੋਕ ਮਸੀਹੀ ਨਾ ਬਣਨ ਦੇ ਲਈ ਜਾਂ ਮਸੀਹੀ ਹੁੰਦੇ ਹੋਏ ਵੀ ਵਫ਼ਾਦਾਰ ਮਸੀਹੀ ਨਾ ਬਣਨ ਦੇ ਲਈ ਪੇਸ਼ ਕਰਦੇ ਹਨ।

ਇੱਕ ਹੋਰ ਸੰਭਾਵਨਾ ਹੈ ਕਿ ਅੱਜ ਲੋਕਾਂ ਦੇ ਬਹਾਨਿਆਂ ਦੀ ਤੁਲਨਾ ਵਿਚ ਮੂਸਾ ਦੇ ਬਹਾਨਿਆਂ ਤੇ ਇੱਕ ਪੂਰਾ ਸਬਕ ਤਿਆਰ ਕੀਤਾ ਜਾਵੇ। (1) ਮੂਸਾ ਨੇ ਪੁੱਛਿਆ, "ਮੈਂ ਕੌਣ ਹਾਂ?" ਕੁਝ ਲੋਕ, ਇਸ ਗੱਲ ਨੂੰ ਨਾ ਸਮਝਦੇ ਹੋਏ ਕਿ ਪਰਮੇਸ਼ੁਰ ਦੀ ਸਮੱਰਥ ਉਨ੍ਹਾਂ ਨੂੰ ਯੋਗ ਬਣਾ ਸਕਦੀ ਹੈ, ਇਹੀ ਮੰਨਦੇ ਹਨ ਕਿ ਉਹ ਅਯੋਗ ਹਨ। (2) "ਤੂੰ ਕੌਣ ਹੈਂ?" ਕੁਝ ਲੋਕ ਜਵਾਬ ਨਹੀਂ ਦਿੰਦੇ ਕਿਉਂਕਿ ਉਹ ਪਰਮੇਸ਼ੁਰ ਦੇ ਸੁਭਾਅ ਨੂੰ ਨਹੀਂ ਜਾਣਦੇ। (3) "ਓਹ ਪਰਤੀਤ ਨਾ ਕਰਨਗੇ?" ਸ਼ਾਇਦ ਅੱਜ ਬਹਾਨੇ ਦੇ ਲਈ ਸਭ ਤੋਂ ਆਮ ਗੱਲ ਇਹ ਹੈ ਕਿ "ਮੈਂ ਕਿਉਂ ਵਿਸ਼ਵਾਸ ਕਰਾਂ?" ਪਰਮੇਸ਼ੁਰ ਸਾਨੂੰ ਨਿਸ਼ਾਨ ਪ੍ਰਦਾਨ ਕਰਦਾ ਹੈ, ਜੋ ਬਾਈਬਲ ਵਿਚ ਦਰਜ ਹਨ, ਤਾਂ ਕਿ ਵਿਸ਼ਵਾਸ ਕਰਨ ਵਿਚ, ਸਾਡੀ ਮਦਦ ਕਰਨ। (4) "ਮੈਂ ਧੜੱਲੇ ਦਾਰ ਗੱਲਾਂ ਕਰਨ ਵਾਲਾ ਮਨੁੱਖ ਨਹੀਂ ਹਾਂ।" "ਮੈਂ ਨਹੀਂ" ਲੱਛਣ ਬਹੁਤ ਸਾਰੇ ਲੋਕਾਂ ਨੂੰ ਮਸੀਹੀ ਬਣਨ ਤੋਂ ਜਾਂ ਮਸੀਹੀ ਹੋਣ ਦੇ ਨਾਤੇ ਆਪਣੀ ਯੋਗਤਾ ਨੂੰ ਪੂਰਾ ਕਰਨ ਤੋਂ ਰੋਕਦਾ ਹੈ। (5) "ਜਿਸ ਦੇ ਹੱਥ ਤੂੰ ਘੱਲਣਾ ਚਾਹੇਂ ਘੱਲ ਦੇਹ।" ਇਹ ਇਸ ਮਾਮਲੇ ਦਾ ਮੂਲ ਕਾਰਣ ਹੈ ਕਿ ਕੁਝ ਲੋਕ ਪਰਮੇਸ਼ੁਰ ਦੀ ਬੁਲਾਹਟ ਦਾ ਉੱਤਰ ਨਹੀਂ ਦੇਣਾ ਚਾਹੁੰਦੇ ਹਨ। ਉਨ੍ਹਾਂ ਨੂੰ ਇਹ ਸਿੱਖਣ ਦੀ ਲੋੜ ਹੈ ਕਿ *ਹੋਰ ਕੋਈ ਵੀ* ਉਹ ਕੰਮ ਨਹੀਂ ਕਰ ਸਕਦਾ ਜੋ ਪਰਮੇਸ਼ੁਰ ਤੁਹਾਡੇ ਕੋਲੋਂ

ਕਰਵਾਉਣਾ ਚਾਹੁੰਦਾ ਹੈ।

### ਪਰਮੇਸ਼ੁਰ ਨੂੰ ਮੁੜ ਕੇ ਜਵਾਬ ਦੇਣਾ (ਅਧਿਆਏ 3; 4)

ਕੀ "ਪਰਮੇਸ਼ੁਰ ਨੂੰ ਮੁੜ ਕੇ ਜਵਾਬ ਦੇਣਾ" ਜਾਂ ਉਸ ਦੇ ਨਾਲ ਬਹਿਸ ਕਰਨਾ ਸਹੀ ਹੈ? ਉਹ ਕੀ ਕਰਨਾ ਚਾਹੁੰਦਾ ਹੈ ਉਸ ਦੇ ਵਿਸ਼ੇ ਵਿਚ ਉਸ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ? ਮੂਸਾ ਨੇ ਅਜਿਹਾ ਕੀਤਾ ਸੀ, ਅਤੇ ਪਰਮੇਸ਼ੁਰ ਨੇ ਉਸ ਦੇ ਨਾਲ ਧੀਰਜ ਰੱਖਿਆ ਸੀ। ਅੱਯੂਬ ਨੇ ਕੀਤਾ ਸੀ, ਅਤੇ ਪਰਮੇਸ਼ੁਰ ਨੇ ਉਸ ਦੇ ਨਾਲ ਧੀਰਜ ਰੱਖਿਆ ਸੀ। ਜਦੋਂ ਅਸੀਂ ਪ੍ਰਾਰਥਨਾ ਵਿਚ ਪਰਮੇਸ਼ੁਰ ਦੇ ਕੋਲ ਜਾਂਦੇ ਹਾਂ ਤਾਂ ਸ਼ਾਇਦ ਅਸੀਂ ਆਪਣੇ ਦਿਲ ਦੀਆਂ ਸੱਚੀਆਂ ਨੂੰ ਜ਼ਾਹਿਰ ਕਰਨ ਤੋਂ ਬਹੁਤ ਝਿਜਕਦੇ ਹਾਂ। ਸ਼ਾਇਦ ਸਾਨੂੰ ਪਰਮੇਸ਼ੁਰ ਦੇ ਨਾਲ ਹੋਰ ਖੁੱਲ੍ਹ ਕੇ ਅਤੇ ਦਲੇਰੀ ਨਾਲ ਗੱਲ ਕਰਨ ਦੀ ਲੋੜ ਹੋਵੇ, ਜਿਵੇਂ ਮੂਸਾ ਨੇ ਕੀਤਾ ਸੀ। ਪਰਮੇਸ਼ੁਰ ਦੇ ਨਾਲ ਦਲੇਰੀ ਨਾਲ ਗੱਲ ਕਰਨਾ ਵਿਸ਼ਵਾਸ ਨੂੰ ਦਿਖਾਉਂਦਾ ਹੈ, ਨਾ ਕਿ ਇਸ ਦੀ ਕਮੀ ਨੂੰ। ਅੰਤ ਵਿਚ, ਪ੍ਰਮੁੱਖ ਸਵਾਲ ਇਹ ਨਹੀਂ ਹੈ ਕਿ "ਕੀ ਸਾਨੂੰ 'ਮੁੜ ਕੇ' ਪਰਮੇਸ਼ੁਰ ਨੂੰ ਜਵਾਬ ਦੇਣਾ ਚਾਹੀਦਾ ਹੈ?" ਪਰ ਇਹ ਹੈ ਕਿ "ਕੀ ਅਸੀਂ ਆਖਿਰਕਾਰ ਆਪਣੇ ਨੂੰ ਪਰਮੇਸ਼ੁਰ ਦੀ ਇੱਛਾ ਦੇ ਅਧੀਨ ਕਰਦੇ ਹਾਂ?" ਮੂਸਾ ਸਮਰਪਿਤ ਸੀ, ਅਤੇ ਅੱਯੂਬ ਸਮਰਪਿਤ ਸੀ। ਸਾਨੂੰ ਵੀ ਉਹੀ ਕਰਨਾ ਚਾਹੀਦਾ ਹੈ।

### ਅੱਜ ਪਰਮੇਸ਼ੁਰ ਦੀ ਬੁਲਾਹਟ (ਅਧਿਆਏ 3; 4)

ਕੀ ਸਾਨੂੰ ਮੂਸਾ ਦੇ ਵਾਂਗ ਪਰਮੇਸ਼ੁਰ ਦੇ ਦੁਆਰਾ ਬੁਲਾਇਆ ਗਿਆ ਹੈ? ਇੱਕ ਅਰਥ ਵਿਚ, ਇੰਜੀਲ ਦੇ ਬਿਰਤਾਂਤ ਦੇ ਦੁਆਰਾ ਸਾਰਿਆਂ ਨੂੰ ਮਸੀਹੀ ਬਣਨ ਦੇ ਲਈ ਬੁਲਾਇਆ ਗਿਆ ਹੈ (1 ਥੱਸਲੁਨੀਕੀਆਂ 2:14)। ਵਾਲਡੇਮਰ ਜੰਜੇਨ ਨੇ ਲਿਖਿਆ, "ਪਰਮੇਸ਼ੁਰ ਦੀ ਬੁਲਾਹਟ ਯਿਸੂ ਮਸੀਹ ਦੇ ਦੁਆਰਾ ਹਰ ਇੱਕ ਵਿਅਕਤੀ ਤਕ ਪਹੁੰਚ ਚੁੱਕੀ ਹੈ।"[13] ਮਸੀਹੀ ਹੋਣ ਤੋਂ ਬਾਅਦ, ਸਾਨੂੰ "ਸੱਦੇ ਹੋਏ" ਲੋਕ ਕਿਹਾ ਜਾਂਦਾ ਹੈ (1 ਕੁਰਿੰਥੀਆਂ 1:9; ਅਫ਼ਸੀਆਂ 4:1; ਕੁਲੁੱਸੀਆਂ 3:15)। ਫਿਰ ਸਾਨੂੰ "ਚੁਣੇ ਹੋਏ" ਕਿਹਾ ਜਾਂਦਾ ਹੈ (ਕੁਲੁੱਸੀਆਂ 3:12; KJV)। ਇੱਕ ਹੋਰ ਅਰਥ ਵਿਚ, ਸਾਡੇ ਵਿਚੋਂ ਹਰੇਕ ਨੂੰ "ਸੱਦਿਆ ਗਿਆ" ਹੈ ਤਾਂ ਕਿ ਅਸੀਂ ਚਰਚ ਵਿਚ ਇੱਕ ਖਾਸ ਯੋਗਤਾ ਦੇ ਨਾਲ, ਪਰਮੇਸ਼ੁਰ ਵੱਲੋਂ ਦਿੱਤੇ ਗਏ ਖਾਸ ਵਰਦਾਨਾਂ ਨੂੰ ਇਸਤੇਮਾਲ ਕਰ ਕੇ ਸੇਵਾ ਕਰੀਏ। ਹਰੇਕ ਵਿਅਕਤੀ ਨੂੰ ਮਸੀਹੀ ਬਣਨ ਦੇ ਲਈ ਪਰਮੇਸ਼ੁਰ ਦੀ ਬੁਲਾਹਟ ਦੀ ਅਤੇ ਫਿਰ ਆਪਣੇ ਜੀਵਨ ਦੇ ਲਈ ਉਸ ਦੀ "ਬੁਲਾਹਟ" ਨੂੰ ਸਵੀਕਾਰ ਕਰਨ ਦੀ ਲੋੜ ਹੁੰਦੀ ਹੈ।

### "ਤੇਰੇ ਹੱਥ ਵਿੱਚ ਕੀ ਹੈ?" (4:2)

ਪਰਮੇਸ਼ੁਰ ਨੇ ਮੂਸਾ ਨੂੰ ਬੁਲਾਇਆ ਸੀ ਕਿ ਉਹ ਉਸ ਦੇ ਲੋਕਾਂ ਦੀ ਮਿਸਰ ਵਿਚੋਂ ਕੱਢ ਲਿਆਉਣ ਵਿਚ ਅਗਵਾਈ ਕਰੇ, ਪਰ ਮੂਸਾ ਪਰਮੇਸ਼ੁਰ ਦੀ ਇੱਛਾ ਨੂੰ ਸਵੀਕਾਰ ਕਰਨਾ ਨਹੀਂ ਚਾਹੁੰਦਾ ਸੀ। ਇੱਕ ਭਾਗ ਵਿਚ, ਇਹ ਇਸ ਲਈ ਸੀ ਕਿਉਂਕਿ ਉਸ ਨੇ ਸੋਚਿਆ ਸੀ ਕਿ ਉਹ ਇਹ ਕੰਮ ਕਰ ਸਕਣ ਵਿਚ ਅਸਮੱਰਥ ਸੀ। ਆਇਤ 4:1 ਵਿਚ ਉਸ ਨੇ ਪੁੱਛਿਆ, "ਵੇਖ ਓਹ ਮੇਰੀ ਪਰਤੀਤ ਨਾ ਕਰਨਗੇ ...?" ਪਰਮੇਸ਼ੁਰ ਦਾ ਉੱਤਰ ਸੀ "ਤੇਰੇ ਹੱਥ ਵਿੱਚ ਕੀ ਹੈ?" ਇਹ ਕੁਝ ਵਧੇਰੇ ਨਹੀਂ ਸੀ - ਸਿਰਫ ਇੱਕ ਅਯਾਲੀ ਦਾ ਢਾਂਗਾ ਸੀ। ਫਿਰ ਵੀ, ਇਹ ਇੱਕ ਸਾਧਨ ਬਣ ਗਿਆ ਜਿਸ ਨੂੰ ਪਰਮੇਸ਼ੁਰ ਨੇ ਇਸਰਾਏਲ ਨੂੰ ਛੁਟਕਾਰਾ ਦਿਵਾਉਣ ਦੇ ਲਈ ਇਸਤੇਮਾਲ ਕੀਤਾ ਸੀ। ਮੂਸਾ ਨੂੰ ਇਹ ਸਿੱਖਣ ਦੀ ਲੋੜ ਸੀ ਕਿ, ਭਾਵੇਂ ਅਸੀਂ ਕਿੰਨੇ ਵੀ ਅਯੋਗ ਹੋਈਏ ਜਾਂ ਮਹਿਸੂਸ ਕਰੀਏ ਇਸ ਦੇ ਨਾਲ ਕੋਈ ਫਰਕ ਨਹੀਂ ਪੈਂਦਾ, ਪਰਮੇਸ਼ੁਰ ਜੋ ਕੁਝ ਵੀ ਸਾਡੇ ਕੋਲ ਹੈ ਉਸ ਨੂੰ ਇਸਤੇਮਾਲ ਕਰ ਸਕਦਾ ਹੈ ਕਿ ਉਹ ਉਸ ਕੰਮ ਨੂੰ ਪੂਰਾ ਕਰੇ ਜੋ ਉਹ ਚਾਹੁੰਦਾ ਹੈ ਕਿ ਅਸੀਂ ਕਰੀਏ। ਸਾਨੂੰ ਹੇਠ ਲਿਖੀਆਂ ਸੱਚਾਈਆਂ ਨੂੰ

ਸਿੱਖਣ ਦੀ ਲੋੜ ਹੈ:

*ਹਰ ਕਿਸੇ ਦੇ ਹੱਥ ਵਿਚ ਕੁਝ ਨਾ ਕੁਝ ਹੈ।* ਸਾਡੇ ਸਭਨਾਂ ਦੇ ਕੋਲ ਕੋਈ ਨਾ ਕੋਈ ਤੋੜਾ ਜਾਂ ਦਾਨ ਹੁੰਦਾ ਹੈ ਜਿਸ ਨੂੰ ਪਰਮੇਸ਼ੁਰ ਦੀ ਸੇਵਾ ਵਿਚ ਇਸਤੇਮਾਲ ਕੀਤਾ ਜਾ ਸਕਦਾ ਹੈ। ਤੋੜਿਆਂ ਦਾ ਦ੍ਰਿਸ਼ਟਾਂਤ ਸਾਨੂੰ ਸਿਖਾਉਂਦਾ ਹੈ ਕਿ "ਪੰਜ-ਤੋੜਿਆਂ" ਵਾਲੇ, "ਦੋ-ਤੋੜਿਆਂ" ਵਾਲੇ, ਅਤੇ "ਇੱਕ-ਤੋੜੇ" ਵਾਲੇ ਲੋਕ ਹੁੰਦੇ ਹਨ; ਪਰ ਪਰਮੇਸ਼ੁਰ ਦੇ ਰਾਜ ਵਿਚ "ਜੀਰੋ-ਤੋੜੇ" ਵਾਲੇ ਲੋਕ ਨਹੀਂ ਹੁੰਦੇ ਹਨ। (ਤੋੜੇ ਪੈਸਿਆਂ ਦੀ ਰਕਮ ਸੀ, ਪਰ ਸਿੱਖਿਆ ਨੂੰ "ਯੋਗਤਾਵਾਂ" ਦੇ ਅਰਥ ਵਿਚ "ਤੋੜਿਆਂ" ਲਈ ਲਾਗੂ ਕੀਤਾ ਜਾ ਸਕਦਾ ਹੈ, ਜਦੋਂ ਅਸੀਂ ਵਚਨ ਨੂੰ ਇਸਤੇਮਾਲ ਕਰਦੇ ਹਾਂ।) ਪਰਮੇਸ਼ੁਰ ਨੇ ਕਲੀਸੀਆ ਦੇ ਹਰੇਕ ਮੈਂਬਰ ਨੂੰ ਇੱਕ ਤੋੜਾ, ਜਾਂ ਤੋੜੇ ਦਿੱਤੇ ਹਨ, ਜਿਨ੍ਹਾਂ ਨੂੰ ਉਸ ਦੀ ਸੇਵਾ ਵਿਚ ਵਰਤਿਆ ਜਾ ਸਕਦਾ ਹੈ (ਰੋਮੀਆਂ 12:3-8)। ਕਿਸੇ ਖਾਸ ਵਰਦਾਨ ਜਾਂ ਯੋਗਤਾ ਦੀ ਕਮੀ ਦਾ ਇਹ ਅਰਥ ਨਹੀਂ ਹੈ ਕਿ ਸਾਡੇ ਕੋਲ ਦੇਣ ਦੇ ਲਈ ਕੁਝ ਵੀ ਨਹੀਂ ਹੈ (ਵੇਖੋ ਰਸੂਲਾਂ ਦੇ ਕਰਤੱਬ 3:6)।

*ਸਾਡੇ ਹੱਥ ਵਿਚ ਜੋ ਕੁਝ ਵੀ ਹੈ, ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਉਸ ਨੂੰ ਉਸ ਦੀ ਸੇਵਾ ਦੇ ਵਿਚ ਇਸਤੇਮਾਲ ਕਰੀਏ।* ਸਾਡੇ ਕੋਲ ਜੋ ਤੋੜੇ ਹਨ ਉਨ੍ਹਾਂ ਦਾ ਇਸਤੇਮਾਲ ਮਸੀਹ ਦੀ ਦੇਹੀ ਨੂੰ ਉਸਾਰਣ ਦੇ ਲਈ ਕੀਤਾ ਜਾਣਾ ਚਾਹੀਦਾ ਹੈ (ਵੇਖੋ ਰੋਮੀਆਂ 12:3-8; 1 ਕੁਰਿੰਥੀਆਂ 12; ਅਫ਼ਸੀਆਂ 4:11-16; 1 ਪਤਰਸ 4:10, 11)। ਜੋ ਕੁਝ ਵੀ ਸਾਡੇ ਕੋਲ ਹੈ, ਪਰਮੇਸ਼ੁਰ ਉਸ ਨੂੰ ਆਪਣੀ ਮਹਿਮਾ ਲਈ ਆਪਣੀ ਸੇਵਾ ਵਿਚ ਇਸਤੇਮਾਲ ਕਰ ਸਕਦਾ ਹੈ। ਜੇਕਰ ਪਰਮੇਸ਼ੁਰ ਆਪਣੇ ਲੋਕਾਂ ਨੂੰ ਛੁਟਕਾਰਾ ਦਿਵਾਉਣ ਦੇ ਲਈ ਇਕ ਅਯਾਲੀ ਦੇ ਢਾਂਗੇ ਨੂੰ ਇਸਤੇਮਾਲ ਕਰ ਸਕਦਾ ਹੈ, ਤਾਂ ਉਹ ਸਾਡੀਆਂ ਯੋਗਤਾਵਾਂ, ਸਾਡੀ ਸਿੱਖਿਆ, ਸਾਡੇ ਕੰਮਾਂ, ਸਾਡੇ ਧਨ-ਦੌਲਤ, ਅਤੇ ਸਾਡੇ ਸੰਬੰਧਾਂ ਨੂੰ ਵੀ ਇਸਤੇਮਾਲ ਕਰ ਸਕਦਾ ਹੈ ਤਾਂ ਕਿ ਆਪਣੇ ਉਦੇਸ਼ਾਂ ਨੂੰ ਪੂਰਾ ਕਰ ਸਕੇ। ਜੇਕਰ ਤੁਸੀਂ ਇਹ ਕਹਿਣਾ ਚਾਹੁੰਦੇ ਹੋ, ਜਿਵੇਂ ਮੂਸਾ ਨੇ ਕਿਹਾ ਸੀ, "ਪਰਮੇਸ਼ੁਰ ਮੈਨੂੰ ਇਸਤੇਮਾਲ ਨਹੀਂ ਕਰ ਸਕਦਾ ਕਿਉਂਕਿ ਮੈਂ ਕੁਝ ਵੀ ਕਰਨ ਤੋਂ ਅਸਮਰਥ ਹਾਂ," ਤਾਂ ਇਸ ਦੇ ਬਾਰੇ ਸੋਚੋ: ਜੇਕਰ ਪਰਮੇਸ਼ੁਰ ਬਿਲਆਮ ਦੇ ਨਾਲ ਗੱਲ ਕਰਨ ਦੇ ਲਈ ਇੱਕ ਗਧੀ ਨੂੰ ਇਸਤੇਮਾਲ ਕਰ ਸਕਦਾ ਹੈ, ਤਾਂ ਉਹ ਨਿਸ਼ਚਤ ਤੌਰ ਤੇ ਤੁਹਾਨੂੰ ਵੀ ਕਿਸੇ ਅਰਥਪੂਰਣ ਢੰਗ ਨਾਲ ਇਸਤੇਮਾਲ ਕਰ ਸਕਦਾ ਹੈ।

*ਜੋ ਕੁਝ ਅਸੀਂ ਪਰਮੇਸ਼ੁਰ ਨੂੰ ਦਿੰਦੇ ਹਾਂ, ਉਹ ਇਸ ਦੇ ਇਸਤੇਮਾਲ ਨੂੰ ਵਧਾ ਸਕਦਾ ਹੈ।* ਪਰਮੇਸ਼ੁਰ ਦੇ ਮੂਸਾ ਨਾਲ ਗੱਲ ਕਰਨ ਤੋਂ ਪਹਿਲਾਂ, ਜੇਕਰ ਕਿਸੇ ਨੇ ਮੂਸਾ ਨੂੰ ਪੁੱਛਿਆ ਹੁੰਦਾ, "ਢਾਂਗਾ ਕਿਸ ਕੰਮ ਆਉਂਦਾ ਹੈ?" ਤਾਂ ਉਸ ਨੇ ਕਹਿਣਾ ਸੀ, "ਇਹ ਭੇਡਾਂ ਦੀ ਦੇਖਭਾਲ ਦੇ ਲਈ ਚੰਗਾ ਹੁੰਦਾ ਹੈ।" ਉਸ ਨੇ ਕਦੀ ਸੁਫਨੇ ਵਿਚ ਵੀ ਨਹੀਂ ਸੋਚਿਆ ਹੋਵੇਗਾ ਕਿ ਪਰਮੇਸ਼ੁਰ ਇਸ ਦੀ ਉਪਯੋਗਤਾ ਨੂੰ ਕਿਵੇਂ ਵਧਾ ਸਕਦਾ ਹੈ, ਫਿਰ ਵੀ, ਪਰਮੇਸ਼ੁਰ ਕਰ ਸਕਦਾ ਹੈ ਅਤੇ ਉਸ ਨੇ ਕੀਤਾ। ਉਸੇ ਤਰੀਕੇ ਨਾਲ, ਉਹ ਤੁਹਾਨੂੰ ਆਪਣੇ ਲਈ ਬਹੁਤ ਵੱਧ ਕੇ ਇਸਤੇਮਾਲ ਕਰ ਸਕਦਾ ਹੈ। ਜਿਵੇਂ ਯਿਸੂ ਨੇ ਮੁੰਡੇ ਦੀਆਂ ਰੋਟੀਆਂ ਅਤੇ ਮੱਛੀਆਂ ਦੇ ਨਾਲ ਪੰਜ ਹਜ਼ਾਰ ਪੁਰਖਾਂ ਨੂੰ ਰਜਾਇਆ ਸੀ (ਯੂਹੰਨਾ 6:8-14), ਜੋ ਕੁਝ ਵੀ ਤੁਸੀਂ ਪਰਮੇਸ਼ੁਰ ਨੂੰ ਦਿੰਦੇ ਹੋ ਪਰਮੇਸ਼ੁਰ ਉਸ ਦੇ ਇਸਤੇਮਾਲ ਨੂੰ ਕਈ ਗੁਣਾ ਵਧਾ ਸਕਦਾ ਹੈ।

ਤੇਰੇ ਹੱਥ ਵਿਚ ਕੀ ਹੈ? ਇਹ ਜੋ ਕੁਝ ਵੀ ਹੈ, ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਇਸ ਨੂੰ ਪਰਮੇਸ਼ੁਰ ਨੂੰ ਦੇ ਦਿਓ - ਪਰ ਸਭ ਤੋਂ ਪਹਿਲਾਂ, ਤੁਹਾਨੂੰ ਕੁਝ ਵੀ ਪਿੱਛੇ ਨਾ ਰੱਖ ਕੇ, *ਆਪਣੇ ਆਪ* ਨੂੰ ਪਰਮੇਸ਼ੁਰ ਨੂੰ ਦੇਣ ਦੀ ਲੋੜ ਹੈ (ਰੋਮੀਆਂ 12:1, 2; 2 ਕੁਰਿੰਥੀਆਂ 8:5)।

## ਟਿੱਪਣੀਆਂ

[1]ਨਹੂਮ ਐਮ. ਸਰਨਾ, *ਐਕਸਪਲੋਰਿੰਗ ਐਕਸੋਡਸ: ਦ ਓਰਿਜਨਸ ਆਫ਼ ਬਿਬਲੀਕਲ ਇਜ਼ਰਾਏਲ* (ਨਿਊ ਯਾਰਕ: ਸ਼ੋਕਨ ਬੁਕਸ, 1996), 54-61. [2]ਵਾਲਡੇਮਰ ਜੰਜੇਨ ਅਨੁਸਾਰ, ਇਹ ਅੰਤਰ ਜਾਣ-ਬੁੱਝ ਕੇ ਕੀਤਾ ਗਿਆ ਸੀ, *ਐਕਸੋਡਸ,* ਬਿਲੀਵਰਜ਼ ਚਰਚ ਬਾਈਬਲ ਕਮੈਂਟਰੀ (ਸਕਾਟਡੇਲ, ਪੈਨਸਿਲਵੇਨੀਆ: ਹੇਰਾਲਡ ਪ੍ਰੈੱਸ, 2000), 72. [3]ਉਸੇ ਸਥਾਨ ਤੇ, 70-71. [4]ਨੋਟਸ ਆਨ ਐਕਸੋਡਸ 4:24-26 ਐਂਡ 4:24, ਬਰੂਸ ਐਮ. ਮੈਟਜ਼ਰ ਅਤੇ ਰੋਲੈਂਡ ਈ. ਮਰਫੀ, ਸੰਪਾਦਨ, *ਦ ਨਿਊ ਓਕਸਫੋਰਡ ਐਨੋਟੇਟਿਡ ਬਾਈਬਲ ਵਿਦ ਦ ਐਪੋਕ੍ਰਿਫ਼ਾ,* ਸੋਧ ਅਤੇ ਵਿਸਤਾਰ (ਨਿਊ ਯਾਰਕ: ਓਕਸਫੋਰਡ ਯੂਨੀਵਰਸਿਟੀ ਪ੍ਰੈੱਸ, 1991), 74. [5]"ਦ ਬਲੱਡੀ ਹਸਬੈਂਡ' (?) (ਕੂਚ 4:24-26) ਵਨਸ ਅਗੇਨ," ਜੂਲੀਅਨ ਮੋਰਗੇਨਸਟਰਨ, *ਹਿਬਰੂ ਯੂਨੀਅਨ ਕਾਲੱਜ ਐਨੂਅਲ* 34 (1963): 66-70. [6]ਹੰਸ ਕੋਸਮਾਲਾ, ਦ ਬਲੱਡੀ ਹਸਬੈਂਡ' *ਵੇਟਸ ਟੈਸਟਾਮੈਂਟਮ* 12 (1962): 20-22. [7]ਗਰੈਗਰੀ ਬੀ. ਸਮਿਥ, ਕੂਚ ਤੇ ਇੱਕ ਗ੍ਰੇਜੂਏਟ ਕਲਾਸ ਦੇ ਵਾਸਤੇ ਇੱਕ ਅਪ੍ਰਕਾਸ਼ਤ ਕਾਗਜ਼ "ਐਨ ਐਕਸੀਜੀਸਿਸ ਆਫ਼ ਐਕਸੋਡਸ 4:24-26" (ਨੈਸ਼ਵਿਲ: ਡੇਵਿਡ ਲਿਪਸਕੋਂਬ ਯੂਨੀਵਰਸਿਟੀ, 1991), 5 ਸਮਿਥ ਨੇ ਰੱਬੀ ਸਰੋਤਾਂ ਦਾ ਹਵਾਲਾ ਦਿੱਤਾ। [8]ਸੀ. ਹਾਊਟਮੈਨ, "ਕੂਚ 4:24-26 ਅਤੇ ਇਸ ਦੀ ਵਿਆਖਿਆ," *ਜਰਨਲ ਆਫ਼ ਨੋਰਥਵੇਸਟ ਸੈਮੀਟਿਕ ਲੈਂਗੁਏਜਿਜ਼* 11 (1985): 88-89. [9]ਸਮਿਥ, 10-11. [10]ਜੌਨ ਸਮਿਥ, *ਦ ਪਰਮਾਨੈਂਟ ਮੈਸਿਜ ਆਫ਼ ਐਕਸੋਡਸ ਐਂਡ ਸਟੱਡੀਜ਼ ਇਨ ਦਾ ਲਾਇਫ਼ ਆਫ਼ ਮੋਜ਼ਸ* (ਸਿਨਸਿਨਾਟੀ: ਜੇਨਿੰਗਸ ਅਤੇ ਪਾਈ, 1903), 83.

[11]ਵਾਰਨ ਡਬਲਿਯੂ. ਵਾਇਸਬੇ, *ਬੀ ਡਲਿਵਰਡ* (ਕੋਲੋਰਾਡੋ ਸਪਰਿੰਗਸ, ਕੋਲੋਰਾਡੋ: ਵਿਕਟਰ, 1998), 21. [12]ਬਰੇਵਰਡ ਐਸ. ਚਾਇਲਡਸ, *ਦ ਬੁੱਕ ਆਫ਼ ਐਕਸੋਡਸ: ਏ ਕ੍ਰੀਟੀਕਲ, ਥਿਓਲੋਜੀਕਲ ਕਮੈਂਟਰੀ,* ਦ ਓਲਡ ਟੈਸਟਾਮੈਂਟ ਲਾਇਬ੍ਰੇਰੀ (ਲੂਈਸਵਿਲੈ: ਵੇਸਟਮਿੰਸਟਰ ਪ੍ਰੈੱਸ, 1974), 104. [13]ਜੰਜੇਨ, 79.